# ਸਮਤਾ

ਅਕਤੂਬਰ 1985 (ਅੰਕ 65)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਜਾਤੀ ਲਾਇਬ੍ਰੇਰੀ ਵਿੱਚੋਂ।

ਅਕਤੂਬਰ 1985

ਮੁੱਲ—ਦੋ ਰੁਪਏ

65

## ਸੰਪਾਦਕੀ ਪੰਜਾਬ ਦੀਆਂ ਚੋਣਾਂ/ਕੁਝ ਪ੍ਰਭਾਵ

ਪੰਜਾਬ ਦੀਆਂ ਚੋਣਾਂ ਅਕਾਲੀ ਦਲ ਦੇ ਹੱਕ ਵਿਚ ਗਈਆਂ ਹਨ। ਪੰਜਾਬ ਦੀ ਸਿਆਸਤ ਵਿਚ ਇਹ ਇਕ ਇਤਿਹਾਸਕ ਘਟਨਾ ਹੈ।

o ਅਕਾਲੀ ਦਲ ਹੁਣ ਸਿਰਫ਼ ਸਿੱਖਾਂ ਦੀ ਪਾਰਟੀ ਨਾ ਹੋ ਕੇ ਪੂਰੀ ਤਰ੍ਹਾਂ ਰੀਜਨਲ ਪਾਰਟੀ ਦੀ ਸ਼ਕਲ ਇਖਤਿਆਰ ਕਰ ਗਈ ਹੈ। ਉਹਦੀ ਇਹ ਵੱਡੀ ਜਿੱਤ ਤਾਂ ਹੀ ਮੁਮਕਿਨ ਹੋ ਸਕੀ ਹੈ ਕਿ ਉਹ ਪਹਿਲੀ ਦਫ਼ਾ ਕਾਫ਼ੀ ਗਿਣਤੀ ਵਿਚ ਹਿੰਦੂ ਵੋਟ ਲੈ ਸਕੀ ਹੈ। ਪੰਜਾਬ ਸਿਆਸਤ ਵਿਚ ਇਹ ਮੋੜ ਚੰਗਾ ਸ਼ਗਨ ਸਮਝਿਆ ਜਾਣਾ ਚਾਹੀਦਾ ਹੈ। ਇਹਦੇ ਨਾਲ ਫਿਰਕੂ ਤਨਾਓ ਕਾਫ਼ੀ ਹੱਦ ਤੱਕ ਘਟੇਗਾ, ਜਿਸਨੇ ਪੰਜਾਬ ਦੇ ਲੋਕਾਂ ਨੂੰ ਪਿਛਲੇ ਕੁਝ ਸਾਲਾਂ ਤੋਂ ਛਿੱਕੇ ਟੰਗਿਆ ਹੋਇਆ ਸੀ।

o ਬਹੁਤ ਸਾਰੇ ਸ਼ਹਿਰੀ ਹਲਕਿਆਂ ਵਿਚ ਜਿਥੇ ਹਿੰਦੂ ਬਹੁ ਗਿਣਤੀ ਹੈ, ਕਾਂਗਰਸ ਨੇ ਜਿੱਤ ਪ੍ਰਾਪਤ ਕੀਤੀ ਹੈ। ਇਹ ਗੱਲ ਦੱਸਦੀ ਹੈ ਕਿ ਹਿੰਦੂ ਜਨਤਾ ਭਾਰਤੀ ਜਨਤਾ ਪਾਰਟੀ ਜਾਂ ਜਨਤਾ ਪਾਰਟੀ ਦੇ ਮੁਕਾਬਲੇ ਵਿਚ ਕਾਂਗਰਸ ਪਾਰਟੀ ਨੂੰ ਆਪਣੇ ਹਿੱਤਾਂ ਦੀ ਰਖਿਅਕ ਸਮਝਦੀ ਹੈ ਤੇ ਆਪਣੀ ਸੋਚ ਵਿਚ ਭਾਰਤ ਦੇ ਹਿੰਦੀ ਬੋਲਦੇ ਹਿੰਦੂਆਂ ਨਾਲ ਇਕਮਿਕ ਹੈ। ਇਸ ਪ੍ਰਸੰਗ ਵਿਚ ਉਹ ਕਥਿਤ ਕੌਮੀ ਏਕਤਾ ਦੇ ਪ੍ਰਭਾਵ ਥੱਲੇ ਹੈ ਜੋ ਬਹੁਗਿਣਤੀ ਹਿੰਦੂ ਸ਼ਾਵਨਵਾਦ ਤੋਂ ਸਿਵਾ ਹੋਰ ਕੁਝ ਨਹੀਂ। ਪੰਜਾਬੀ ਸਭਿਆਚਾਰ ਵਿਚ ਸਾਧਾਰਨ ਹਿੰਦੂ ਜਨਤਾ ਨੂੰ ਖਿਚਣਾ ਇਹ ਨਵੀਂ ਵਜ਼ਾਰਤ ਦਾ ਇਕ ਨਿਸ਼ਾਨਾ ਹੋਣਾ ਚਾਹੀਦਾ ਹੈ।

**ਇਸ ਅੰਕ ਵਿਚ**

ਸੰਪਾਦਕੀ

[illegible] ਬਾਰੇ/ਸਮਿਤਾ ਚਕ੍ਰਵਰਤੀ

ਸਾਹਿਤ ਦੀ ਪਹਿਚਾਣ ਬਾਰੇ/ਸੁਰਜੀਤ ਗਿੱਲ ਦੇ ਸੰਦਰਭ ਵਿਚ—

(1) ਸ਼ੂਹ ਚਮਨ (2) ਬਹਾਦੁਰ ਸਾਥੀ (3) ਆਜ਼ੀਮਾਨੁ ਵਜ਼ੀਰ

ਨਾਟਕ/ਕੁਲਾਜ—ਤੇਰਾ ਨਾਂ ਪੰਜਾਬ/ਗੁਰਸ਼ਰਨ ਸਿੰਘ

ਕਹਾਣੀ/ਭੁੱਖ/ਸੁਰਿੰਦਰ ਮਨਣ

ਜਨੂਨ ਦੇ ਵਿਚੋਂ ਪੈਦਾ ਹੋਇਆ ਨੁੱਕੜ ਨਾਟਕ/ਲੋਕ-ਪੱਖੀ ਕਲਾਕਾਰ ਚੰਦਰੇਸ਼ ਨਾਲ ਜਨਸੱਤਾ ਵੱਲੋਂ ਲਈ ਗਈ ਇੰਟਰਵਿਊ/ਪੰਜਾਬੀ ਰੂਪ : ਇੰਦਰਜੀਤ

ਕਵਿਤਾਵਾਂ/ਮੋਗੇ ਦੀ ਲਲਕਾਰ/ਬਲਬੀਰ ਪਰਵਾਨਾ o ਦੋਵੇਂ ਦੋਸ਼ੀ/ਸਾਧੂ

ਇਕ ਸੁਨੇਹਾ : ਅਮਰੀਕਾ ਤੋਂ ਕੁਝ ਸਾਥੀਆਂ ਵਲੋਂ ਹਿੰਦੁਸਤਾਨੀਆਂ ਦੇ ਨਾਂ

ਪਾਰ ਦੀ ਹਵਾ/ਸੁਖਦੇਵ ਸਿੱਧੂ

o ਆਪਣੇ ਚੋਣ ਮਨੋਰਥ ਦਸਤਾਵੇਜ਼ਾਂ (Election Manifestos) ਵਿਚ ਪੰਜਾਬ ਵਿਚ ਆਤੰਕਵਾਦ ਦੇ ਮਸਲੇ ਬਾਰੇ ਅਕਾਲੀ ਦਲ (ਲੌਂਗੋਵਾਲ) ਨੇ ਕਾਫੀ ਹੱਦ ਤੱਕ ਸਹੀ ਵਤੀਰਾ ਅਪਣਾਇਆ ਹੈ। ਇਸ ਪਾਰਟੀ ਨੇ ਸਹੀ ਤੌਰ ਤੇ ਇਸ ਨੂੰ ਭ੍ਰਿਸ਼ਟ ਰਾਜ, ਰਾਜ ਮਸ਼ੀਨਰੀ ਦੇ ਜਬਰ, (ਜਿਸ ਵਿਚ ਪੁਲਸ ਥਾਂਣਿਆਂ ਵਿਚ ਅਤਿਆਚਾਰ, ਝੂਠੇ ਮੁਕਾਬਲੇ ਝੂਠੇ ਪੁਲਸ ਮੁਕਾਬਲੇ ਆਦਿਕ ਆਂਦੇ ਹਨ) ਕਾਂਗਰਸ ਪਾਰਟੀ ਦੀ ਅੰਦਰਲੀ ਲੜਾਈ ਦੀ ਦੇਣ ਆਖਿਆ ਹੈ। ਕਾਂਗਰਸ ਪਾਰਟੀ ਨੇ ਆਤੰਕਵਾਦ ਨੂੰ ਬਦੇਸ਼ੀ ਤਾਕਤਾਂ ਦੀ ਸਾਜ਼ਿਸ਼ ਆਖਿਆ ਹੈ। ਸੀ. ਪੀ. ਆਈ ਅਤੇ ਸੀ. ਪੀ. ਐਮ ਨੇ ਵੀ ਕੇਵਲ ਇਸ ਪ੍ਰਸੰਗ ਵਿਚ ਕਾਂਗਰਸ ਦੀ ਹੀ ਪੁਸ਼ਟੀ ਕੀਤੀ ਹੈ ਤੇ ਇਸ ਮਸਲੇ ਦੀ ਪੰਜਾਬ ਵਿਚ ਸਮਾਜਿਕ ਜੜ੍ਹਾਂ ਨੂੰ ਪਛਾਣਨ ਤੋਂ ਕੰਨੀ ਕੁਤਰਾਈ ਹੈ। ਸਿੱਖ ਅਵਾਮ ਨੇ ਇਸਦੇ ਖਿਲਾਫ਼ ਪ੍ਰਤੀਕਰਮ ਦੱਸਕੇ ਇਹਨਾਂ ਪਾਰਟੀਆਂ ਨੂੰ ਰੱਦ ਕੀਤਾ ਹੈ ਤੇ ਇਹਨਾਂ ਪਾਰਟੀਆਂ ਦੇ ਜੋ ਪਹਿਲੇ ਗੜ੍ਹ ਰਹੇ ਹਨ, ਉਥੋਂ ਵੀ ਇਹਨਾਂ ਨੂੰ ਬੁਰੀ ਤਰ੍ਹਾਂ ਮਾਰ ਪਈ ਹੈ।

o ਉਤਲੇ ਦਸੇ ਕਾਰਨ ਦੇ ਇਲਾਵਾ ਖੱਬੀਆਂ ਪਾਰਟੀਆਂ ਦਾ ਸਫ਼ਾਇਆ ਦਸਦਾ ਹੈ ਕਿ ਫਿਰਕੂ ਹਨੇਰੀ ਦੀ ਸਿਆਸਤ ਵਿਚ ਜਮਾਤੀ ਸਿਆਸਤ ਹਾਲੇ ਆਪਣੀ ਕੋਈ ਥਾਂ ਨਹੀਂ ਬਣਾ ਸਕੀ। ਇਹਦੀ ਇਕ ਮਿਸਾਲ ਅੰਮ੍ਰਿਤਸਰ ਦੇ ਪੱਛਮੀ ਹਲਕੇ ਵਿਚ ਸਾਥੀ ਸਤਪਾਲ ਡਾਂਗ ਦੀ ਹਾਰ ਹੈ। ਚੋਣਾਂ ਦੇ ਪਹਿਲੇ ਦਿਨਾਂ ਵਿਚ ਸਾਥੀ ਡਾਂਗ ਦੀ ਬੜੀ ਚੜ੍ਹਤ ਸੀ ਅਤੇ ਕਾਂਗਰਸੀ ਉਮੀਦਵਾਰ ਸੇਵਾ ਰਾਮ ਨੂੰ ਥਾਂ ਥਾਂ ਜ਼ਲੀਲ ਹੋਣਾ ਪੈ ਰਿਹਾ ਸੀ। ਇਕ ਨੌਜਵਾਨ ਪੰਥਕ ਉਮੀਦਵਾਰ ਇੰਦਰਜੀਤ ਸਿੰਘ ਬਾਸਰਕੇ ਦੇ ਮੈਦਾਨ ਵਿਚ ਆ ਜਾਣ ਕਰਕੇ ਫਿਰਕੂ ਲੀਹਾਂ ਤੇ ਵੰਡ ਦਾ ਅਮਲ ਸ਼ੁਰੂ ਹੋ ਗਿਆ, ਜੋ ਕਾਂਗਰਸੀ ਉਮੀਦਵਾਰ ਸੇਵਾ ਰਾਮ ਦੇ ਹੱਕ ਵਿਚ ਗਿਆ। ਕਾਂਗਰਸ ਵਿਰੋਧੀ ਸਿੱਖ ਵੋਟ ਦੀ ਵੰਡ ਹੋ ਗਈ ਅਤੇ ਕਾਂਗਰਸ ਪੱਖੀ ਹਿੰਦੂ ਵੋਟ ਜੋ ਕੁਝ ਡਾਵਾਂਡੋਲ ਸੀ, ਹੋਰ ਪੱਕੀ ਹੋ ਗਈ। ਜਮਾਤੀ-ਸਿਆਸਤ ਫਿਰਕੂ ਸਿਆਸਤ ਕੋਲੋਂ ਮਾਰ ਖਾ ਗਈ।

o ਚੋਣ ਬਾਈਕਾਟ ਦੀ ਸਿਆਸਤ ਸਿਆਸੀ ਯਥਾਰਥ ਵਿਚ ਕੋਈ ਥਾਂ ਨਹੀਂ ਰੱਖਦੀ। ਚੋਣਾਂ ਦਾ ਮੌਕਾ ਇਕ ਮੇਲੇ ਵਾਂਗ ਸਿੱਧ ਹੁੰਦਾ ਹੈ ਅਤੇ ਮੇਲੇ ਵਾਂਗ ਹੀ ਲੋਕ ਇਸ ਵਿਚ ਹਿੱਸਾ ਲੈਂਦੇ ਹਨ। ਬਾਬਾ ਜੁਗਿੰਦਰ ਸਿੰਘ ਨੇ ਚੋਣ ਬਾਈਕਾਟ ਦਾ ਸੱਦਾ ਦਿੱਤਾ, ਪਰ ਉਹਦੇ ਆਪਣੇ ਪੈਰੋਕਾਰਾਂ ਨੇ ਵੱਡੀ ਗਿਣਤੀ ਵਿਚ ਪੰਥਕ ਉਮੀਦਵਾਰਾਂ ਦੇ ਹੱਕ ਵਿਚ ਸਰਗਰਮੀ ਵਿਖਾਈ। ਬਹੁਤੀ ਥਾਂ ਇਹ ਸਰਗਰਮੀ ਅਕਾਲੀ ਦਲ ਦੇ ਹੱਕ ਵਿਚ ਸੀ ਪਰ ਬਿਮਲਾ ਖਾਲਸਾ ਜਾਂ ਇੰਦਰਜੀਤ ਸਿੰਘ ਬਾਸਰਕੇ ਵਰਗੇ ਆਜ਼ਾਦ ਪੰਥਕ ਉਮੀਦਵਾਰਾਂ ਦੇ ਹੱਕ ਵਿਚ ਸੰਤ ਭਿੰਡਰਾਂਵਾਲੇ ਦੇ ਸਮਰਥਕ ਨੌਜਵਾਨਾਂ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ। ਬਾਬਾ ਜੋਗਿੰਦਰ ਦੀ ਬਾਈਕਾਟ ਵਾਲੀ ਸਿਆਸਤ ਨੇ ਅਕਾਲੀ ਦਲ (ਲੌਂਗੋਵਾਲ) ਦੀ ਅਸਿੱਧੇ ਤੌਰ ਤੇ ਬੜੀ ਸਹਾਇਤਾ ਕੀਤੀ ਹੈ, ਕਿਉਂਕਿ ਇਸ ਬਾਈਕਾਟ ਵਾਲੇ ਸੱਦੇ ਕਰਕੇ ਤਲਵੰਡੀ ਗਰੁਪ ਚੋਣ ਮੈਦਾਨ ਵਿਚ ਸਿਫਰ ਹੋ ਗਿਆ, ਨਹੀਂ ਤੇ ਉਹਨਾਂ ਨੇ ਬਹੁਤੀ ਥਾਂ ਤੇ ਆਪਣੇ ਉਮੀਦਵਾਰ ਖੜੇ ਕਰਕੇ ਅਕਾਲੀ ਦਲ ਦੀ ਹਾਰ ਦਾ ਕਾਰਣ ਬਣਨਾ ਸੀ।

o ਬਾਈਕਾਟ ਵਾਲੀ ਸਿਆਸਤ ਪੂਰੀ ਤਰ੍ਹਾਂ ਰੱਦ ਹੋਈ ਹੈ ਪਰ ਇਸ ਅਮਲ ਨੂੰ ਸੰਤ ਭਿੰਡਰਾਂਵਾਲਿਆਂ ਦੀ ਕੱਟੜ-ਵਾਦੀ ਸਿਆਸਤ ਦੇ ਰੱਦ ਹੋਣ ਦਾ ਭੁਲੇਖਾ ਨਹੀਂ ਖਾਣਾ ਚਾਹੀਦਾ। ਕੇਸਰੀ ਪੱਗਾਂ ਵਾਲੇ ਨੌਜਵਾਨ ਜੋ ਪਹਿਲੋਂ ਭਿੰਡਰਾਂ ਵਾਲੇ ਦੇ ਸੰਪਰਕ ਵਿਚ ਰਹੇ ਹਨ ਤੇ ਫੇਰ ਜੇਲ੍ਹਾਂ ਵਿਚ ਜਾਂ ਲੁਕ ਲੁਕ ਕੇ ਦੇਸਾਂ ਪ੍ਰਦੇਸਾਂ ਵਿਚ ਵਿਚਰਦੇ ਰਹੇ ਹਨ (ਜਿਨ੍ਹਾਂ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਬੜੇ ਨਾਜਾਇਜ਼ ਕਿਸਮ ਦੇ ਪੁਲਸ ਜਬਰ ਦਾ ਸ਼ਿਕਾਰ ਹੋਣਾ ਪਿਆ ਹੈ) ਉਹਨਾਂ ਨੂੰ ਸਮਾਜ ਦੀਆਂ ਉਸਾਰੂ ਅਤੇ ਸਾਧਾਰਨ ਸਰਗਰਮੀਆਂ ਵਿਚ ਵਾਪਸ ਕਿਸਤਰਾਂ ਲਿਆਉਣਾ ਹੈ, ਇਹ ਆਉਣ ਵਾਲੀ

o ਅਕਾਲੀ ਦਲ ਦੀ ਸਰਦਾਰੀ ਹੇਠਾਂ ਪਿਛਲੀਆਂ ਵਜ਼ਾਰਤਾਂ ਦੀ ਕਾਰਗੁਜ਼ਾਰੀ ਭਾਵੇਂ ਲੋਕਾਂ ਦੀਆਂ ਤੰਗੀਆਂ ਹੇਠ ਗੁਜ਼ਾਰੀ ਜਾਣ ਵਾਲੀ ਜ਼ਿੰਦਗੀ ਲਈ ਕਲਿਆਣਕਾਰੀ ਸਿੱਧ ਨਹੀਂ ਹੋਈ ਸੀ ਤੇ ਨਾਂ ਹੀ ਇਸ ਪ੍ਰਸੰਗ ਵਿਚ ਹੁਣ ਵੀ ਬਹੁਤੀ ਆਸ ਰੱਖਣੀ ਚਾਹੀਦੀ ਹੈ ਪਰ ਫੇਰ ਵੀ "ਅਦਾਰਾ ਸਮਤਾ" ਪੰਜਾਬ ਦੇ ਲੋਕਾਂ ਨੂੰ ਬੜੇ ਹੀ ਭ੍ਰਿਸ਼ਟ, ਜਾਬਰ ਅਤੇ ਮਕਾਰ ਕਾਂਗਰਸੀ ਰਾਜ ਦੇ ਖਾਤਮੇ ਉਤੇ ਵਧਾਈ ਜ਼ਰੂਰ ਭੇਜਦਾ ਹੈ। ਉਹਨਾਂ ਨੂੰ ਇਹੋ ਸੁਨੇਹਾ ਵੀ ਹੈ ਕਿ ਉਹਨਾਂ ਨੇ ਆਪਣੇ ਆਪ ਨੂੰ ਲੋਕ ਸੰਘਰਸ਼ਾਂ ਵਾਸਤੇ ਲਾਮਬੰਦ ਕਰਨਾ ਹੈ ਕਿਉਂਕਿ ਸੰਘਰਸ਼ਾਂ ਬਿਨਾਂ ਇਸ ਜ਼ਿੰਦਗੀ ਦੇ ਰੌਂ ਨੂੰ ਬਦਲਿਆ ਨਹੀਂ ਜਾ ਸਕਦਾ।

**ਗੁਰਸ਼ਰਨ ਸਿੰਘ**

ਵਿਚਾਰ ਚਰਚਾ :

## ਸਮਝੌਤਾ—ਸੰਤ ਲੌਂਗੋਵਾਲ ਜੀ ਦ ਹੱਤਿਆ ਅਤੇ ਸਮਤਾ ਦਾ ਪੱਖ

ਸੰਪਾਦਕ ਦੇ ਨਾਂ ਮਾਸਟਰ ਸੁਰਜੀਤ ਸਿੰਘ ਜੀ ਦੀ ਇਕ ਚਿੱਠੀ ਮਿਲੀ ਹੈ, ਜੋ ਅਸੀਂ ਹੇਠ ਦੇ ਰਹੇ ਹਾਂ। ਉਹਨਾਂ ਨੇ ਜੋ ਗਿਲਾ ਕੀਤਾ ਹੈ, ਉਹਦੇ ਜਵਾਬ ਵਿਚ ਆਪਣਾ ਪੱਖ ਦੇਂਦਿਆਂ ਹੋਇਆਂ ਅਸੀਂ ਮੇਜਰ ਪਿਆਰਾ ਸਿੰਘ ਜੀ ਦੀ ਇਕ ਕਵਿਤਾ ਵੀ ਇਸੇ ਵਿਸ਼ੇ ਤੇ ਦੇ ਰਹੇ ਹਾਂ ਜੋ ਅਸੀਂ ਧੰਨਵਾਦ ਸਾਹਿਤ ਸਿਰਜਨਾ (59ਵੇਂ ਅੰਕ) ਵਿਚੋਂ ਲਈ ਹੈ।

**—ਸੰਪਾਦਕ**

ਸੰਪਾਦਕ ਜੀ !

ਸਤੰਬਰ ਦਾ ਪਰਚਾ ਬੜੀ ਉਤਸੁਕਤਾ ਨਾਲ ਉਡੀਕਿਆ ਇਹ ਜਾਣਨ ਲਈ ਕਿ ਪੰਜਾਬ ਸਮਝੌਤੇ ਪ੍ਰਤੀ 'ਸਮਤਾ' ਦੀ ਕੀ ਪਹੁੰਚ ਹੈ। ਬੜੀ ਹੈਰਾਨੀ ਹੋਈ ਜਦ ਸਾਰੇ ਪਰਚੇ ਵਿਚ ਇਕ ਵੀ ਲਫ਼ਜ਼ ਇਸ ਸਬੰਧੀ ਨਹੀਂ ਲੱਭਿਆ।

ਹਰ ਪਰਚੇ ਵਿਚ ਪੰਜਾਬ ਮਸਲੇ ਸਬੰਧੀ ਕਾਫ਼ੀ ਕੁਝ ਲਿਖਿਆ ਜਾਂਦਾ ਰਿਹਾ ਹੈ, ਤਕਰੀਬਨ ਸਾਰੇ ਸੰਪਾਦਕੀ ਵੀ ਇਸੇ ਨਾਲ ਸਬੰਧਤ ਰਹੇ। ਹਰ ਵੇਰ ਪੰਜਾਬ ਮੁਸ਼ਕਲ ਦਾ ਸੁਖਾਵਾਂ ਹੱਲ ਲੱਭਣ ਲਈ ਕਿਹਾ ਜਾਂਦਾ ਰਿਹਾ ਤੇ ਮੁੱਖ ਦੋਹਾਂ ਧੜਿਆਂ ਨੂੰ ਕੋਸਿਆ ਜਾਂਦਾ ਰਿਹਾ (ਜਿਸਦੇ ਕਿ ਉਹ ਹੱਕਦਾਰ ਵੀ ਸਨ)। ਪਰ ਜਦ ਇਸ ਮੁਸ਼ਕਲ ਨੂੰ ਹੱਲ ਕਰਨ ਹਿਤ ਲੌਂਗੋਵਾਲ-ਰਾਜੀਵ ਸਮਝੌਤਾ ਹੋਇਆ ਤਾਂ ਪਤਾ ਨਹੀਂ ਕਿਉਂ 'ਸਮਤਾ' ਨੇ ਬੁੱਲ੍ਹ ਸੀਅ ਲਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਮਝੌਤੇ ਨਾਲ ਜਨਤਾ ਦੀਆਂ ਮੁਸ਼ਕਲਾਂ ਹੱਲ ਨਹੀਂ ਹੋਣੀਆਂ, ਮਹਿੰਗਾਈ ਨਹੀਂ ਘਟਣੀ, ਕਤਲਾਮ ਵੀ ਨਹੀਂ ਰੁਕਿਆ, ਪਰ ਇਸ ਗੱਲੋਂ ਤਾਂ ਇਸ ਸਮਝੌਤੇ ਦੇ ਹੱਕ 'ਚ ਖੜ੍ਹਨਾ ਸਾਡਾ ਫ਼ਰਜ਼ ਹੀ ਹੈ ਕਿ ਇਹ ਦੇਸ ਵਿਚ, ਖਾਸ ਕਰਕੇ ਪੰਜਾਬ ਵਿਚ ਸ਼ਾਂਤੀ ਲਿਆਉਣ ਲਈ ਇਕ ਕਦਮ ਤਾਂ ਹੈ। ਆਮ ਜਨਤਾ ਕਿਸ ਹੱਦ ਤੱਕ ਸ਼ਾਂਤੀ-ਪਸੰਦ ਹੈ ਇਸ ਦਾ ਸਬੂਤ ਸੰਤ ਲੌਂਗੋਵਾਲ ਦੇ ਭੋਗ ਸਮੇਂ ਬੇਮਿਸਾਲ ਇਕੱਠ ਤੋਂ ਮਿਲਦਾ ਹੈ। ਏਨਾ ਭਾਰੀ ਇਕੱਠ ਸੰਤ ਜੀ ਦੇ ਅਫ਼ਸੋਸ ਵਿਚ ਨਹੀਂ ਸੀ, ਸਗੋਂ ਪੰਜਾਬ-ਸਮਝੌਤੇ ਦੇ ਹੱਕ ਵਿਚ ਸੀ। ਬੇਸ਼ੱਕ ਇਸ ਸਮਝੌਤੇ ਪਿੱਛੇ ਦੋਹਾਂ ਧਿਰਾਂ ਦੀ ਕੋਈ ਚਾਲ ਹੋਵੇ; ਸਮਝੌਤਾ ਹੋਵੇ, ਮਜਬੂਰੀ ਹੋਵੇ ਜਾਂ ਈਮਾਨਦਾਰੀ ਹੀ।

ਇਸ ਸਮਝੌਤੇ ਰਾਹੀਂ ਪੰਜਾਬੀਆਂ ਨੂੰ ਕੀ ਮਿਲਿਆ ਜਾਂ ਕੀ ਖੁੱਸਿਆ, ਕੋਈ ਮੰਗ ਮੰਨੀ ਗਈ ਜਾਂ ਰੱਦ ਹੋ ਗਈ। ਆਮ ਜਨਤਾ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਜਨਤਾ ਸਿਰਫ਼ ਸ਼ਾਂਤੀ ਚਾਹੁੰਦੀ ਏ ਜਿਸ ਨਾਲ ਉਹਨਾਂ ਲਈ ਮਿਹਨਤ-ਮਜ਼ਦੂਰੀ ਦੇ ਅਵਸਰ ਜੁੜਦੇ ਰਹਿਣ ਤੇ ਉਹਨਾਂ ਦੇ ਬਾਲ-ਬੱਚਿਆਂ ਦੇ ਢਿੱਡ ਤੁਰਦੇ ਰਹਿਣ।

ਇਸ ਵਿਚ ਵੀ ਸ਼ੱਕ ਨਹੀਂ ਕਿ ਸੰਤ ਲੌਂਗੋਵਾਲ ਵੀ ਪੰਜਾਬ ਮੁਸੀਬਤ ਲਈ ਬਰਾਬਰ ਦੇ ਹੀ ਭਾਈਵਾਲ ਸਨ, ਪਰ ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਸਿੱਧਾ ਘਰ ਆ ਜਾਵੇ ਤਾਂ ਕੀ ਸਾਨੂੰ ਦਰਵਾਜ਼ਾ ਬੰਦ ਕਰ ਲੈਣਾ ਚਾਹੀਦੈ ? ਸਿਰਫ਼ ਜਨਤਾ ਦੇ ਭਲੇ ਹਿਤ ਸਾਨੂੰ ਸਮਝੌਤੇ ਦਾ ਸਵਾਗਤ ਕਰਨਾ ਹੀ ਬਣਦਾ ਏ, ਬਿਨਾਂ ਇਹ ਸੋਚਿਆਂ ਕਿ ਇਸ ਨਾਲ ਰਾਜੀਵ ਦੀ ਸ਼ੁਹਰਤ ਵਧਦੀ ਏ ਜਾਂ ਲੌਂਗੋਵਾਲ ਦੀਆਂ ਵੋਟਾਂ।

ਇਸ ਤੋਂ ਪਹਿਲਾਂ ਕਿ ਪਾਠਕ 'ਸਮਤਾ' ਦੀ 'ਚੁੱਪ' ਸਬੰਧੀ ਕਿਆਸ ਆਰਾਈਆਂ 'ਤੇ ਆਧਾਰਤ ਕੋਈ ਗ਼ਲਤ ਸੋਚ ਬਣਾ ਲੈਣ, ਆਪ ਪੰਜਾਬ ਸਮਝੌਤੇ ਸਬੰਧੀ ਪਰਚੇ ਦਾ ਸਟੈਂਡ ਸਪੱਸ਼ਟ ਕਰੋ।

**ਸੁਰਜੀਤ ਸਿੰਘ**
ਪਿੰਡ ਤੇ ਡਾ: ਭੋਤਨਾ, (ਬਰਨਾਲਾ)

### ਸਾਡਾ ਪੱਖ

੦ ਆਪਣੇ ਜੁਲਾਈ; ਅਗਸਤ ਅੰਕ ਦੇ ਸੰਪਾਦਕੀ ਵਿਚ ਅਸੀਂ ਉਸ ਸਮਝੌਤੇ ਦਾ ਸਵਾਗਤ ਕੀਤਾ ਸੀ ਜੋ 24 ਜੁਲਾਈ ਨੂੰ ਸੰਤ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਦਰਮਿਆਨ ਹੋਇਆ ਸੀ ਪਰ ਨਾਲ ਇਸ ਗੱਲ ਦੀ ਟਿੱਪਣੀ ਕੀਤੀ ਸੀ ਕਿ ਇਹ ਸਮਝੌਤਾ ਬਹੁਤ ਦੇਰ ਨਾਲ ਹੋਇਆ ਹੈ। ਇਸ ਸਮਝੌਤੇ ਵਾਸਤੇ ਸਮੁੱਚੇ ਪੰਜਾਬੀਆਂ ਨੂੰ ਬੜੀ ਵੱਡੀ ਕੀਮਤ ਦੇਣੀ ਪਈ ਹੈ। ਕਿਸ ਸਮਝੌਤੇ ਦੇ ਬਾਅਦ ਸਮਝੌਤਾ ਕਰਨ ਵਾਲੀਆਂ ਦੋਨੋਂ ਧਿਰਾਂ ਨੂੰ, ਇਸ ਨੂੰ ਵੱਡੀ ਪ੍ਰਾਪਤੀ ਕਹਿਣ ਦੀ ਥਾਂ ਪੰਜਾਬ ਦੇ ਲੋਕਾਂ ਕੋਲੋਂ ਮੁਆਫ਼ੀ ਜ਼ਰੂਰ ਮੰਗਣੀ ਚਾਹੀਦੀ ਸੀ ਕਿ ਸਾਡੀਆਂ ਦੋਨੋਂ ਧਿਰਾਂ ਨੇ ਆਪਣੇ ਝੂਠੇ ਵਕਾਰ ਦੀ ਖਾਤਿਰ ਪੰਜਾਬ ਦੇ ਲੋਕਾਂ ਨੂੰ ਚਾਰ ਪੰਜ ਸਾਲ ਵਖਤਾਂ ਵਿਚ ਪਾਈ ਰਖਿਆ। ਸਮਝੌਤਾ ਕਰਨ ਵਾਲੀਆਂ ਧਿਰਾਂ ਪੰਜਾਬ ਦੇ ਲੋਕਾਂ ਦੀਆਂ ਮੁਜਰਿਮ ਸਨ, ਹੀਰੋ ਨਹੀਂ ਸਨ। ਜੇ ਇਹ ਧਿਰਾਂ ਦੋ

ਸ਼ਬਦ ਮੁਆਫ਼ੀਨਾਮੇ ਦੇ ਆਖ ਦੇਂਦੇ, ਪਛਤਾਵੇ ਦੇ ਆਖ ਦੇਂਦੇ ਤਾਂ ਫੱਟੜ ਦਿਲਾਂ ਤੇ ਕੁਝ ਮਰਹੱਮ ਲੱਗ ਸਕਦੀ। ਇਹਨਾਂ ਦਾ ਗੁਨਾਹ ਕੁਝ ਘੱਟ ਵੀ ਸਕਦਾ ਸੀ ਪਰ ਇਹਨਾਂ ਨੇ ਇਸ ਤਰ੍ਹਾਂ ਨਹੀਂ ਕੀਤਾ। ਇਸ ਲਈ ਇਸ ਸਮਝੌਤੇ ਦਾ ਸੰਵਾਗਤ ਅਸੀਂ ਟਿੱਪਣੀ ਸਾਹਿਤ ਕੀਤਾ ਅਤੇ ਨਾਲ ਇਹ ਵੀ ਕਿਹਾ ਕਿ ਇਹਦੇ ਨਾਲ ਸਾਧਾਰਨ ਲੋਕਾਂ ਦਾ ਕੋਈ ਬੁਨਿਆਦੀ ਮੱਸਲਾ ਹੱਲ ਨਹੀਂ ਹੋਇਆ ਅਤੇ ਇਹ ਸਾਰੀ ਲੜਾਈ ਜੋ ਪਿਛਲੇ ਪੰਜ ਸਾਲਾਂ ਵਿਚ ਲੜੀ ਗਈ ਉਹ ਬੁਨਿਆਦੀ ਤੌਰ ਤੇ ਗ਼ਲਤ ਸੀ। ਜਦੋਂ ਸਾਰਾ ਬੁਰਜੂਆ ਪ੍ਰੈਸ ਅਤੇ ਪ੍ਰਚਾਰ ਸਾਧਨ ਇਸ ਸਮਝੌਤੇ ਨੂੰ ਅਸਮਾਨੋਂ ਉੱਚਾ ਚੁੱਕ ਰਹੇ ਸਨ, ਸਮਤਾ ਨੇ ਲੋਕਾਂ ਨੂੰ ਇਸ ਦਾ ਸਹੀ ਅਕਸ ਵਿਖਾਕੇ ਖ਼ਬਰਦਾਰ ਕੀਤਾ ਸੀ। ਇਹ ਸਮਝੌਤਾ ਭਾਵੇਂ ਪੰਜਾਬ ਦੇ ਲੋਕਾਂ ਲਈ ਰਾਹਤ ਦੇਂਦਾ ਹੈ, ਪਰ ਇਹ ਦੋਨੋ ਮੁਜਰਿਮ ਧਿਰਾਂ ਦੀ ਮਜਬੂਰੀ ਦੀ ਦੇਣ ਹੈ। ਇਹ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ।

o ਪੰਜਾਬ ਦੀ ਧਰਤੀ ਤੇ ਇਕ ਫਿਲਮੀ ਨਾਟਕ ਖੇਡਿਆ ਗਿਆ ਹੈ। ਫਿਲਮੀ ਹੀਰੋ ਨੇ ਜੇ ਹੀਰੋਇਨ ਦਾ ਦਿਲ ਜਿੱਤਣਾ ਹੋਵੇ ਤਾਂ ਪਹਿਲੇ ਗੁੰਡੇ ਭੇਜਦਾ ਹੈ ਕਿ ਉਹ ਜਾ ਕੇ ਹੀਰੋਇਨ ਨੂੰ ਤੰਗ ਕਰਨ। ਜੰਦੋਂ ਹੀਰੋਇਨ ਵਿਚਾਰੀ ਜਿੱਚ ਹੋਕੇ ਚੀਕ ਮਾਰੇ ਤਾਂ ਹੀਰੋ ਕੋਠੇ, ਕੰਧਾਂ ਟੱਪਦਾ ਆ ਕੇ ਗੁੰਡਿਆਂ ਨਾਲ ਨੱਕਲੀ ਲੜਾਈ ਲੜੇ, ਉਹਨਾਂ ਨੂੰ ਭਜਾ ਦੇਵੇ ਅਤੇ ਹੀਰੋਇਨ ਨੂੰ ਆਪਣੇ ਕਲਾਵੇ ਵਿਚ ਲੈ ਲਵੇ। ਕਾਂਗਰਸ ਲਈ ਇਹ ਹੀਰੋਇਨ 'ਹਿੰਦੂ ਜਨਤਾ' ਸੀ ਅਤੇ ਅਕਾਲੀਆਂ ਲਈ ਇਹ ਹੀਰੋਇਨ 'ਸਿਖ ਜਨਤਾ' ਸੀ। ਦਰਬਾਰ ਸਾਹਿਬ ਐਕਸ਼ਨ ਤੋਂ ਪਹਿਲਾਂ ਹਿੰਦੂਆਂ ਉਤੇ ਮੁਸੀਬਤ ਲਿਆਉਣ ਦੀ ਜ਼ਿਮੇਵਾਰੀ ਪੂਰੀ ਤਰ੍ਹਾਂ ਕਾਂਗਰਸ ਸਰਕਾਰ ਦੀ ਹੈ ਜੋ ਉਹਨਾਂ ਦੀ ਜਾਨਾਂ ਦੀ ਰਖਵਾਲੀ ਨਾਂ ਕਰ ਸਕੀ ਤੇ ਸਿਖਾਂ ਨੂੰ ਜੋ ਏਨੀਆਂ ਘੋਰ ਮੁਸੀਬਤਾਂ ਉਠਾ-ਉਣੀਆਂ ਪਈਆਂ ਹਨ ਤੇ ਤਸੀਹੇ ਘਰਾਂ ਵਿਚ ਉਹ ਹਾਲਾਂ ਵੀ ਦਿੱਲੀ ਅਤੇ ਪੰਜਾਬ ਵਿਚ ਉਠਾ ਰਹੇ ਹਨ, ਮੋਰਚੇ ਲਗਾਉਣ ਵਾਲੇ ਅਕਾਲੀ ਉਸ ਤੋਂ ਬਰੀ ਨਹੀਂ ਕੀਤੇ ਜਾ ਸਕਦੇ।

o ਸੰਤ ਲੌਂਗੋਵਾਲ ਜੀ ਦੀ ਹੱਤਿਆ ਦਾ ਮੈਨੂੰ ਜ਼ਾਤੀ ਤੌਰ ਤੇ ਬੜਾ ਡੂੰਘਾ ਦੁੱਖ ਹੋਇਆ ਸੀ। ਉਹ ਉਹਨਾਂ ਦੀ ਇਕ ਇਮਾਨਦਾਰ ਅਤੇ ਸੁਹਿਰਦ ਸ਼ਖਸੀਅਤ ਕਰਕੇ ਸੀ ਪਰ ਪੰਜਾਬ ਦੇ ਦੁਖਾਂਤ ਦਾ ਮੈਂ ਉਹਨਾਂ ਨੂੰ ਹਮੇਸ਼ਾ ਇੰਦਰਾ ਗਾਂਧੀ ਅਤੇ ਭਿੰਡਰਾਂਵਾਲਾ ਦੇ ਬਾਅਦ ਤੀਸਰਾ ਜ਼ਿਮੇਵਾਰ ਜ਼ਰੂਰ ਆਖਿਆ ਸੀ ਤੇ ਹੁਣ ਵੀ ਆਖਦਾ ਹਾਂ। 22 ਫਰਵਰੀ 1984, ਸੁਮੀਤ ਦੀ ਹੱਤਿਆ ਦੇ ਬਾਅਦ ਮੈਂ ਉਹਨਾਂ ਅਗੇ ਰੋਸ ਪ੍ਰਗਟ ਕੀਤਾ ਸੀ ਅਤੇ ਜਾ ਕੇ ਬੇਨਤੀ ਕੀਤੀ ਸੀ ਕਿ ਉਹ ਜਾਂ ਤਾਂ ਮੋਰਚਾ ਵਾਪਸ ਲੈ ਲੈਣ, ਜਾਂ ਮੋਰਚੇ ਨੂੰ ਅਨੰਦਪੁਰ ਸਾਹਿਬ, ਲੌਂਗੋਵਾਲ ਜਾਂ ਮੁਕਤਸਰ ਦੇ ਗੁਰਦੁਆਰੇ ਵਿਚ ਲੈ ਜਾਣ ਤਾਂ ਜੋ ਮੋਰਚੇ ਦੇ ਨਾਂ ਤੇ ਜਿਹੜੇ ਸਮਾਜ ਦੁਸ਼ਮਣ ਅਨਸਰ ਦਰਬਾਰ ਸਾਹਿਬ ਵਿਚ ਇਕੱਠੇ ਹੋ ਗਏ ਹਨ, ਸੰਤ ਜੀ ਉਹਨਾਂ ਨੂੰ ਆਪਣੇ ਆਪ ਤੋਂ ਵੱਖ ਕਰ ਲੈਣ। ਉਹ ਦਰਿੜਤਾ ਜੋ ਉਹਨਾਂ ਨੇ ਮਈ 1985 ਵਿਚ ਦਿਖਾਈ, ਜੇ ਉਹ ਫਰਵਰੀ 1984 ਵਿਚ ਵਿਖਾ ਦੇਂਦੇ ਤਾਂ ਪੰਜਾਬ ਦਾ ਏਨਾਂ ਨੁਕਸਾਨ ਨਾ ਹੋਇਆ ਹੁੰਦਾ। ਇਤਿਹਾਸ ਇਕ ਵਾਰੀ ਜੋ ਵਾਪਰ ਜਾਂਦਾ ਹੈ, ਉਸ ਨੂੰ ਦੇਖਣ ਤੋਂ ਕੋਈ ਵੀ ਅੱਖ ਬੰਦ ਨਹੀਂ ਕਰ ਸਕਦਾ। ਸੰਤ ਲੌਂਗੋਵਾਲ ਪੰਜਾਬ ਦੇ ਇਸ ਸਮਕਾਲੀ ਇਤਿਹਾਸ ਦਾ ਇਕ ਵੱਡਾ ਅੰਗ ਸਨ ਅਤੇ ਜੋ ਸਭ ਕੁਝ ਵਾਪਰ ਚੁੱਕਾ ਸੀ, ਸੰਤ ਜੀ ਦੀ ਸ਼ਹਾਦਤ ਉਹਦੀ ਇਕ ਕੁਦਰਤੀ ਦੇਣ ਸੀ, ਜਿਸਨੂੰ ਕੋਈ ਨਹੀਂ ਟਾਲ ਸਕਦਾ ਸੀ। ਪੰਜਾਬ ਦਾ ਇਹ ਇਤਿਹਾਸ ਬਹੁਤ ਹੀ ਕਾਲਾ ਇਤਹਾਸ ਹੈ। ਇਤਿਹਾਸ ਵਿਚ ਸੰਤ ਜੀ ਦੀ ਦੇਣ ਉਹਨਾਂ ਦੀਆਂ ਸਿਆਸੀ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਦੀ ਬਿਨਾ ਤੇ ਅੰਗੀਆਂ ਜਾਣਗੀਆਂ, ਉਹਨਾਂ ਦੀ ਸ਼ਖਸੀਅਤ ਦੀ ਜਾ ਜ਼ਾਤੀ ਗੁਣਾ ਦੀ ਬੜੀ ਘੱਟ ਭੂਮਿਕਾ ਹੋਵੇਗੀ। ਸੰਤ ਜੀ ਦੀ ਸਿਆਸਤ ਧਰਮ ਦੇ ਨਾਂ ਸੀ ਜੋ ਇੰਦਰਾ ਕਾਂਗਰਸ ਦੀ ਫਰੇਬੀ ਅਤੇ ਝੂਠੀ ਸਿਆਸਤ ਦੇ ਮੁਕਾਬਲੇ ਵਿਚ ਜ਼ਰੂਰ ਉੱਚੀ ਸੀ ਪਰ ਵੀਹਵੀਂ ਸਦੀ ਵਿਚ ਇਹ ਸਿਆਸਤ ਬੜੀ ਪਿਛਾਕੜ ਹੈ। ਇਸ ਦੀਆਂ ਕਦੀ ਵੀ ਸਹੀ ਪ੍ਰਾਪਤੀਆਂ ਨਹੀਂ ਹੋ ਸਕਦੀਆਂ ਸਾਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ / ਗੁਰਸ਼ਨ ਸਿੰਘ

## ਕਵਿਤਾ/ਸਮਝੌਤਾ/ਮੇਜਰ ਪਿਆਰਾ ਸਿੰਘ

ਜੀਅ ਤਾਂ ਚਾਹੁੰਦਾ—
ਅੱਜ ਦੀ ਇਸ ਖ਼ਬਰ ਦੇ ਸੁਆਗਤ 'ਚ
ਗੋਕੇ ਘਿਓ ਦੇ ਦੀਵੇ ਜਗਾਵਾਂ
ਘੁੱਟ ਲਾਂ ਦੁਖਦਾ ਕਲੇਜਾ,
ਬੈਠ ਅਪਣੇ ਦੋਸਤਾਂ ਸੰਗ ਜਾਮ ਛਲਕਾਵਾਂ
ਖੁਸ਼ੀ ਦੇ ਗੀਤ ਗਾਵਾਂ।

ਇਹ ਖ਼ਬਰ ਆਈ ਹੈ ਜਿਹੜੀ
ਸੜਦੀਆਂ ਦੇਹਾਂ ਦਾ ਜੰਗਲ ਪਾਰ ਕਰਕੇ,
ਲਹੂ ਦਾ ਦਰਿਆ ਤਰਕੇ
ਹੰਝੂਆਂ ਨੂੰ ਡੀਕਦੀ ਪੀੜਾਂ 'ਚ ਭਿੱਜੀ ਪੋਰ ਪੋਰ।

ਫੇਰ ਸੋਚਾਂ—

ਇਸ ਖ਼ਬਰ ਦੇ ਸੱਚ ਨੂੰ ਮੈਂ ਜਾਣ ਲਾਂ ਤਾਂ ਕੁਝ ਕਹਾਂ
ਇਸਦੇ ਅਸਲੀ ਰੂਪ ਨੂੰ ਪਹਿਚਾਣ ਲਾਂ ਤਾਂ ਕੁਝ ਕਹਾਂ
ਪੁੱਛ ਲਾਂ ਉਹਨਾਂ ਸਿਆਸੀ ਦਾਨਿਆਂ ਤੋਂ
ਜਿਨ੍ਹਾਂ ਦੇ ਹੱਥਾਂ 'ਚ ਮੇਰੇ ਦੇਸ ਦੀ ਹੋਣੀ
ਫਕਤ ਇਕ ਗੋਟ ਹੈ
ਹੱਕ ਜਿਨ੍ਹਾਂ ਲਈ ਕੁਰਸੀਆਂ,
ਤੇ ਸੱਚ ਜਿਨ੍ਹਾਂ ਦਾ ਵੋਟ ਹੈ—
ਇਕ ਘੜੀ ਦੀ ਗੱਲ ਸੀ ਜੇ
ਕਿਉਂ ਫਿਰ ਵਰ੍ਹਿਆਂ ਨੂੰ ਕੀਤਾ ਲਹੂ-ਲੁਹਾਨ
ਮੋਹ-ਭਿੰਨੇ ਰਿਸ਼ਤਿਆਂ ਦਾ ਲਹਿਲਹਾਂਦਾ ਬਾਗ਼
ਕਿਉਂ ਹੋਇਆ ਵੀਰਾਨ
ਧੁਖ ਰਿਹਾ ਇਕ ਬੀਆਬਾਨ !

ਛਾਂਗਿਆ ਸੀ ਰੁੱਖ ਨੂੰ ਕੀ ਇਸ ਲਈ
ਕੀ ਮੋਹੜਿਆਂ ਦੀ ਛਾਂ ਬਹਿ ਕੇ ਮਾਣੀਏ !
ਕੀ ਇਸ ਲਈ ਲਾਏ ਸੀ ਡੂੰਘੇ ਜ਼ਖ਼ਮ ਤਾਕਿ
ਸਿਊਣ ਵਾਲੀ ਸੂਈ ਦੀ, ਸੁਘੜਤਾ ਦੀ ਬਾਤ ਪਾਈਏ
ਪੱਟੀਆਂ ਦੇ ਸੁਹਜ ਦੇ ਬਹਿ ਗੀਤ ਗਾਈਏ
ਮਲ੍ਹਮ ਦੀ ਖੁਸ਼ਬੂ ਸਲਾਹੀਏ !
ਕੀ ਫ਼ਕਤ ਏਸੇ ਲਈ ਘਰ ਸਾੜਿਆ
ਕਿ ਜਲ ਤਰੌਂਕਣ ਦੇ ਸ਼ੁਕਰਾਨੇ ਦੀ ਖੱਟੀ ਖੱਟ ਸਕੇ ?

ਕੌਣ ਇਹਨਾਂ ਸਿੱਧਿਆਂ ਸਵਾਲਾਂ ਦੇ ਉੱਤਰ ਦਵੇਗਾ !
ਕਿਸ ਤਰ੍ਹਾਂ ਇਸ ਕਪਟ ਦੇ ਮੁੱਖ ਤੋਂ ਮੁਖੌਟਾ ਲੁਵੇਗਾ !
ਤੜਫਦੇ ਅਹਿਸਾਸ ਦਾ ਕੌੜਾ,
ਕੁਸੈਲਾ ਜਾਮ ਕੀਹਦੇ ਨਾਲ ਮੈਂ, ਛਲਕਾ ਲਵਾਂ !
ਅੱਥਰੀ ਹੈ ਕਸਕ ਦਿਲ ਦੀ, ਕਿਸਤਰ੍ਹਾਂ ਸਮਝਾ ਲਵਾਂ !
o

## ਸਾਹਿਤ ਦੀ ਪਹਿਚਾਣ

### 1. ਸੁਰਜੀਤ ਗਿੱਲ ਦੀ ਆਲੋਚਨਾ ਦੇ ਸੰਦਰਭ ਵਿਚ

**1.** ਨਾਵਲ 'ਮਹਾਂਭੋਜ' ਬਾਰੇ ਸੁਰਜੀਤ ਗਿੱਲ ਦੀ ਪਹੁੰਚ ਕੱਟੜਵਾਦੀ ਹੈ। ਮਨੂੰ ਭੰਡਾਰੀ ਦਾ ਇਹ ਨਾਵਲ ਕਲਾ ਅਤੇ ਵਿਸ਼ੇ ਪਖੋਂ ਇਕ ਯਥਾਰਥਵਾਦੀ ਅਤੇ ਅੱਗੇ-ਵਧੂ ਰਚਨਾ ਹੈ। ਇਸ ਨੂੰ ਪੜ੍ਹਕੇ ਪਤਾ ਲਗਦੈ ਕਿ ਭਾਰਤ ਦੀ ਸਰਮਾਏਦਾਰੀ ਖੁਦ ਆਪਣੇ ਹੀ ਉਸਾਰੇ ਸੰਵਿਧਾਨਕ ਢਾਂਚੇ ਦੇ ਆਸਰੇ ਰਾਜਸਤਾ ਤੇ ਕਾਬਜ਼ ਰਹਿਣ ਤੋਂ ਅਸਮਰਥ ਹੈ। ਪੂੰਜੀਵਾਦੀ ਪਾਰਟੀਆਂ ਦਾ ਅਪਨਾਏ ਨੇਮਾਂ, ਕਾਨੂੰਨਾਂ ਅਤੇ ਸਹੁੰਆਂ ਨੂੰ ਬੜੀ ਬੇਹਯਾਈ ਅਤੇ ਨੀਚਤਾ ਨਾਲ ਪੈਰਾਂ ਥਲੇ ਰੋਲਣਾ ਖੁਦ ਉਹਨਾਂ ਦੇ ਮੂੰਹ ਤੇ ਹੀ ਇਕ ਚਪੇੜ ਹੈ। ਗਰੀਬ, ਦੱਬੀ-ਕੁਚਲੀ ਸ਼੍ਰੇਣੀ ਨੂੰ ਆਪਣੇ ਸਵਾਰਥਹਿਤ ਬਲੀ ਦਾ ਬਕਰਾ ਬਨਾਉਣਾ, ਸਰਮਾਏਦਾਰੀ ਗੁਟਾਂ ਦੀ ਬੜੇਬੰਦਕ ਕੁੱਕੜ-ਖੋਹ ਅਤੇ ਜਮਾਤੀ ਸੰਘਰਸ਼ 'ਚ ਰੁਝੇ ਕਈ ਪਾਤਰਾਂ ਦੇ ਚਰਿਤਰਾਂ ਨੂੰ ਲੇਖਿਕਾ ਦਾ ਮਾਰਕਸਵਾਦੀਆਂ ਦੇ ਹੱਕ 'ਚ ਇੰਨੀ ਗਵਾਹੀ ਦੇਣਾ ਕੀ ਕੀਮਤੀ ਨਹੀਂ ਕਿ ਸਰਮਾਏਦਾਰੀ ਨਖਿਧ ਹੈ, ਮੁਨਾਫ਼ੇ-ਹੰਵਸ ਲਈ ਉਹ ਨੀਚ ਤੋਂ ਨੀਚ ਕੰਮ ਕਰਨ ਨੂੰ ਤਿਆਰ ਹੈ। ਪੂੰਜੀਵਾਦੀ ਨਿਜ਼ਾਮ 'ਚ ਆਰਥਕ ਸਮਾਜਕ ਮਸਲੇ ਗੌਣ ਅਤੇ ਬੇਸਿਰ ਮਸਲਿਆਂ ਨੂੰ ਮਹੱਤਤਾ ਦਿਤੀ ਜਾਂਦੀ ਹੈ। ਮਨੁੱਖੀ ਕਦਰਾਂ ਕੀਮਤਾਂ ਦੀ ਉਸ ਦੇ ਦਿਲ 'ਚ ਕੋਈ ਥਾਂ ਨਹੀਂ। ਆਮ ਆਦਮੀ ਦੀ ਕੀਮਤ ਹੱਡਾ-ਰੋੜੀ 'ਚ ਸੁੱਟ ਦਿਤੇ ਗਏ ਮੁਰਦਾਰ ਤੋਂ ਵੱਧ ਨਹੀਂ ਸਮਝਦੀ ਜਿਸ ਤੇ ਪੂੰਜੀਵਾਦੀ ਗਿਰਝਾਂ ਜਸ਼ਨ ਮਨਾਉਣ ਲਈ ਬੇਤਾਬ ਰਹਿੰਦੀਆਂ ਹਨ। ਖੁਦ ਸਰਮਾਏਦਾਰੀ ਦਾ ਇਕ ਵੱਡਾ ਹਿੱਸਾ ਉਸ ਦੇ ਕਾਰਿਆਂ ਤੋਂ ਤੰਗ ਆ ਜਾਂਦਾ ਹੈ ਜਿਸ ਕਾਰਨ ਸੀਮਤ ਸਹੂਲਤਾਂ ਲਾਗੂ ਕਰਵਾਉਣ ਲਈ ਵੀ ਘੋਲਾਂ ਦੇ ਰਾਹ ਪੈਣਾ ਪੈਂਦਾ ਹੈ। ਨਾਵਲ ਦੇ ਪਾਤਰਾਂ ਦਾ ਨਿਆਂ ਖਾਤਰ ਬਾਰ ਬਾਰ ਦਿੱਲੀ ਵੱਲ ਭੱਜਣਾ ਇਹ ਦਰਸਾਉਂਦਾ ਹੈ ਕਿ ਇਸ ਸਰਮਾਏਦਾਰੀ ਦੇ ਤੇਂਦੂਆ ਜਾਲ ਦਾ ਕੇਂਦਰ ਬਿੰਦੂ ਲਾਲ ਕਿੱਲੇ 'ਚ ਹੈ। ਉਸ ਨਾਲ ਮੱਥਾ ਲਾਉਣ ਦੀ ਪਹੁੰਚ ਭਾਵੇਂ ਕਿ ਗ਼ਲਤ ਹੈ। ਸ੍ਰੀ ਗਿੱਲ ਅਜਿਹੀ ਹੀ ਕੱਟੜਵਾਦੀ ਅਲੋਚਨਾ ਕਿਤੇ 'ਰਾਗ-ਦਰਬਾਰੀ' ਨਾਵਲ ਤੇ ਕਰ ਚੁਕੇ ਹਨ, ਜਿਹੜੀ ਚੋਣ ਪ੍ਰਨਾਲੀ 'ਚ ਫੈਲਰੇ ਵਿਸ਼ਾਲ ਭ੍ਰਿਸ਼ਟਾਚਾਰ ਦੀ ਇਕ ਵਧੀਆ ਤਸਵੀਰ ਹੈ। ਲੇਖਕ ਰੋਸ਼ਨ ਖਿਆਲ ਹੁੰਦਾ ਹੈ ਪਰ ਜ਼ਰੂਰੀ ਨਹੀਂ ਕਿ ਹਰ ਰੋਸ਼ਨ ਖਿਆਲ ਸ਼ਖਸੀਅਤ ਇਕ ਵਧੀਆ ਸਿਆਸੀ-ਕਾਰਕੁੰਨ ਵੀ ਹੋਵੇ, ਇਸ ਲਈ ਆਲੋਚਕ ਨੂੰ ਸਮਾਜ ਦੇ ਅੰਤਰ ਵਿਰੋਧਾਂ ਅਤੇ ਜਮਾਤੀ ਸੰਘਰਸ਼ 'ਚ ਉਲਝੀਆਂ ਸ਼੍ਰੇਣੀਆਂ ਦੀ ਬੌਧਿਕ ਸਮਰਥਾ ਨੂੰ ਮਾਪ ਕੇ ਹੀ ਫੈਸਲਾ ਦੇਣਾ ਚਾਹੀਦਾ ਹੈ।

**2.** "ਸਮਤਾ" ਲੋਕ ਚੇਤਨਾਂ ਦੇ ਦਾਅਵੇਦਾਰ ਪਰਚਿਆ ਵਿਚੋਂ ਇਕ ਹੈ ਜਿਹੜਾ ਲਗਾਤਾਰ ਸਾਬਤ ਕਦਮੀ ਨਾਲ ਛਪਦਾ ਆ ਰਿਹਾ ਹੈ। ਪ੍ਰਸਿੱਧ "ਪੰਜ ਦਰਿਆ" ਅਤੇ "ਕਿੰਤੂ" ਇਸ ਮੰਚ ਤੋਂ ਅਲੋਪ ਹੋ ਗਏ ਹਨ। 'ਸਮਤਾ' 64 ਵਿਚ 'ਪਲਸ ਮੰਚ' ਵਲੋਂ ਪ੍ਰਕਾਸ਼ਤ ਦੋ ਪੁਸਤਕਾਂ ਸੁਰਜੀਤ ਗਿੱਲ ਨੇ ਵਿਚਾਰ ਅਧੀਨ ਲਿਆਂਦੀਆਂ ਹਨ ਜਿਨ੍ਹਾ ਦਾ ਹਰ ਚੇਤਨ ਬੰਦੇ ਨੂੰ ਨੋਟਿਸ ਲੈਣਾਂ ਚਾਹੀਦਾ ਹੈ। ਪਹਿਲੀ ਪੁਸਤਕ ਮਨੂੰ ਭੰਡਾਰੀ ਦੇ ਨਾਵਲ "ਮਹਾਂਭੋਜ" ਬਾਰੇ ਗੁਰਸ਼ਰਨ ਭਾਅ

ਜੀ ਵੱਲੋਂ ਦਿੱਤਾਂ ਇਹ ਨੋਟ ਕਿ ਇਸ ਨਾਵਲ ਦਾ ਸਮੁੱਚਾ ਪ੍ਰਭਾਵ ਸਾਡੇ ਸਮਾਜ ਵਿਚ ਗ਼ਲਤ ਕਦਰਾਂ ਕੀਮਤਾਂ ਦਾ ਖੰਡਨ ਕਰਦਾ ਹੈ, ਇਹ ਛੋਟ ਕੁਝ ਹੱਦ ਤੱਕ ਦਰੁਸਤ ਤਾਂ ਹੈ ਪਰ ਭਾਅ ਜੀ ਗ਼ਲਤ ਕਦਰਾਂ ਕੀਮਤਾ ਦੇ ਖ਼ੰਡਨ ਕਰਨ ਨਾਲ ਹੀ ਲਿਖਤ ਕਰਾਂਤੀਕਾਰੀ ਨਹੀਂ ਹੋ ਜਾਂਦੀ ਜਿਸ ਤਰ੍ਹਾਂ ਸਾਡੇ ਬਹੁਤੇ ਬੁਰਜੁਆ ਲੇਖਕ ਪੇਸ਼ ਕਰਦੇ ਹਨ ਉਹ ਗ਼ਲਤ ਕਦਰਾਂ-ਕੀਮਤਾਂ ਨੂੰ ਅਬਦਲ ਤੇ ਸਰਵ ਵਿਆਪਕ ਜਾਂ ਹਾਕਮ ਜਮਾਤ ਤੋਂ ਰਹਿਮ ਦੀ ਭੀਖ ਮੰਗਣ ਤੱਕ ਸੀਮਤ ਕਰਦੇ ਹਨ । ਜੇਕਰ ਅਜਿਹੇ ਲੇਖਕਾਂ ਦੀਆਂ ਲਿਖਤਾਂ ਨੂੰ ਹੀ ਇਨਕਲਾਬੀ ਮੰਨ ਲਿਆ ਜਾਵੇ ਤਾਂ ਦੁਨੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਲਿਖਾਰੀ ਹੋਵੇ ਜਿਹੜਾ ਗ਼ਲਤ-ਕਦਰਾਂ-ਕੀਮਤਾਂ ਦਾ ਪਰਚਾਰਕ ਹੋਵੇ । ਮਹਾਂਭੋਜ ਨਾਵਲ ਵਿਚ ਜਿੱਥੇ ਗ਼ਲਤ ਕਦਰਾਂ ਦਾ ਖ਼ੰਡਨ ਮਿਲਦਾ ਹੈ ਦੂਜੇ ਪਾਸੇ ਇਹ ਬੁਰਜੁਆਜ਼ੀ ਦੇ ਖੂੰਖ਼ਾਰ ਚਿਹਰੇ ਨੂੰ ਮਨੁੱਖਵਾਦੀ ਦਰਸਾਉਣ ਦਾ ਯਤਨ ਵੀ ਕਰਦਾ ਹੈ । ਨਾਵਲ ਵਿਚ ਕਿਧਰੇ ਵੀ ਪਿਛੋਕੜ ਵਿਚ ਲੜੇ ਗਏ ਜਾਂ ਲੜੇ ਜਾ ਰਹੇ ਜਨਤਕ ਸੰਘਰਸ਼ਾਂ ਦਾ ਜ਼ਿਕਰ ਤੱਕ ਨਹੀਂ ਹੈ । ਕੀ ਇਹ ਲੋਕਾਂ ਨੂੰ ਜਥੇਬੰਦਕ ਸੰਘਰਸ ਵੱਲ ਪਰੇਰਤ ਦੀ ਥਾਂ ਬੁਰਜੁਆਜ਼ੀ ਦੇ ਜੂਲੇ ਹੇਠ ਵਗਦੇ ਰਹਿਣ ਲਈ ਪਰੇਰਤ ਨਹੀਂ ਕਰਦਾ ? ਇਸ ਨਾਵਲ ਦੇ ਨਾਂਹ ਪੱਖੀ ਪਹਿਲੂਆਂ ਨੂੰ ਨੀਝ ਨਾਲ ਦੇਖਣ ਦੀ ਲੋੜ ਜੋ ਵਿਰੁੱਧੀ ਜਮਾਤ ਦੇ ਹਿਤਾਂ ਨੂੰ ਸੇਂਵਦਾ ਹੈ । ਦੂਜੀ ਪੁਸਤਕ "ਪਹੁੰਚੇ ਹਾਂ ਕਿਸ ਮੁਕਾਮ ਤੇ" ਇਸ ਸੰਗ੍ਰਿਹ ਬਾਰੇ ਮੈਂ ਸੁਰਜੀਤ ਗਿੱਲ ਨਾਲ ਸਹਿਮਤ ਨਹੀਂ ਹਾਂ ਕਿ ਇਸ ਦੇ ਕਵੀ ਸਾਰੇ ਹੀ ਪੰਜਾਬ ਦੇ ਦੁਖਾਂਤ ਨੂੰ "ਉਪਰੇਸ਼ਨ ਬਲਿਊ ਸਟਾਰ" ਤੋਂ ਹੀ ਸ਼ੁਰੂਆਤ ਸਮਝਦੇ ਹਨ । ਇਹਨਾਂ ਵਿਚੋਂ ਕਈ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ "ਐਕਸ਼ਨ ਨੀਲਾ ਤਾਰਾ" ਤੋਂ ਪਹਿਲਾਂ ਵੀ ਫਿਰਕੂ ਕਤਲੋ-ਗਾਰਤ ਹੈ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਹੈ ਜਾਂ ਜਿਨ੍ਹਾਂ ਨੇ ਇਸਦੇ ਪਿਛੋਕੜ ਵੱਲ ਝਾਤ ਪੁਵਾਈ ਹੈ, ਇਨ੍ਹਾਂ ਵਿਚੋਂ ਉਹਨਾਂ ਦੇ ਡੂੰਘੇ ਅਨੁਭਵ ਦਾ ਅਹਿਸਾਸ ਹੁੰਦਾ ਹੈ, ਕੁਝ ਕਵੀ ਇਹ ਹਨ : ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਹਰਭਜਨ ਹੁੰਦਲ, ਆਤਮਜੀਤ, ਅਜਮੇਰ ਗਿੱਲ, ਧਰਮਪਾਲ ਉਪਾਸ਼ਕ, ਕੇਵਲ ਧਾਲੀਵਾਲ, ਜੈਦੇਵ ਦਿਲਬੱਰ, ਆਦਿ । ਸੰਗ੍ਰਿਹ ਵਿਚ ਬਹੁਤੀਆਂ ਰਚਨਾਵਾਂ ਫਿਰਕੂ ਜਜ਼ਬਾਤਾ ਦਾ ਪ੍ਰਗਟਾਅ ਹਨ, ਜਿਸ ਕਰਕੇ ਲੋਕ ਵਿਰੋਧੀ ਸੁਰ ਨਿਕਲਦੀ ਹੈ, ਜੋ ਨਾਂਹ-ਪੱਖੀ ਸੋਚ ਦੀ ਉਪਜ ਹੈ । ਅੰਤ ਵਿਚ ਪੁਸਤਕਾਂ ਦੇ ਸੰਪਾਦਕ ਨੂੰ ਬੇਨਤੀ ਹੈ ਕਿ ਉਹ ਲਿਖਤ ਨੂੰ ਛਾਪਣ ਤੋਂ ਪਹਿਲਾਂ ਗੰਭੀਰਤਾ ਨਾਲ ਵਾਚਣ-ਪੜ੍ਹਨ ਤੋਂ ਬਾਅਦ ਹੀ ਪਾਠਕਾਂ ਕੋਲ ਪੇਂਹੁਚਾਇਆ ਕਰਨ ਤਾਂ ਜੋ ਸਾਰੀ ਜੁਮੇਂਵਾਰੀ ਪਾਠਕਾਂ ਤੇ ਨਾ ਸੁੱਟਣੀ ਪਏ । ਜੇਕਰ ਸਭ ਕਾਸੇ ਦਾ ਫੈਸਲਾ ਪਾਠਕਾਂ ਨੇ ਕਰਨਾ ਹੈ ਤਾਂ ਇਸਤੋਂ ਪਹਿਲਾਂ ਸੰਪਾਦਕ ਜਾਂ ਪ੍ਰਕਾਸ਼ਕ ਨੂੰ ਕੋਈ ਹੱਕ ਨਹੀਂ ਕਿ ਛਪਣ ਅਧੀਨ ਪੁਸਤਕ ਜਾਂ ਲਿਖਤ ਨੂੰ ਸਹੀ ਜਾਂ ਗਲਤ ਆਖੇ । ਨਹੀਂ ਤਾਂ ਸਹਿਤ ਪਾਰਖੂਆਂ ਦੇ ਨਿਰਣੇ ਦਾ ਸਾਹਮਣੇ ਕਰਨਾ ਚਾਹੀਦਾ ਹੈ ।

**3.** ਸਤੰਬਰ ਸਮਤਾ 'ਚ ਸੁਰਜੀਤ ਗਿੱਲ ਦਾ 'ਮਹਾਂਭੋਜ' ਬਾਰੇ ਤਬਸਰਾ ਪੜ੍ਹਿਆ । ਉਹਨਾਂ ਇਸ ਨਾਵਲ ਨੂੰ ਜਿਸ ਢੰਗ ਨਾਲ ਪਾਠਕਾਂ ਦੇ ਸਨਮੁੱਖ ਕੀਤਾ ਹੈ ਉਸ ਤੋਂ ਤਾਂ ਇਹੋ ਹੀ ਅਨੁਮਾਨ ਲਾਇਆ ਜਾ ਸਕਦਾ ਏ ਕਿ ਗਿੱਲ ਨੂੰ ਸਪੀਕਰਬਾਜ਼ੀ ਵਾਲੀਆਂ ਰਚਨਾਵਾਂ ਹੀ ਪਸੰਦ ਨੇ ।

ਮਨੂ ਭੰਡਾਰੀ ਨੇ ਨਾਵਲ ਲਿਖਦੇ ਸਮੇਂ ਜੇ ਫ਼ਿਲਮ ਦਾ ਆਈਡੀਆ ਵੀ ਰੱਖਿਆ ਹੈ ਤਾਂ ਇਹ ਬੁਰੀ ਗੱਲ ਨਹੀਂ । ਇਹ ਨਾਵਲ ਨਾ ਤਾਂ ਕਮਿਊਨਿਜ਼ਮ ਦੇ ਵਿਰੁੱਧ ਹੈ ਤੇ ਨਾ ਹੀ ਪਿਛਾਂਹ-ਖਿੱਚੂ । ਇਹ ਤਾਂ ਇਕ ਯਥਾਰਥਕ ਤਸਵੀਰ ਹੈ । ਹਾਂ, ਅਖੀਰਲੇ ਸੀਨਾਂ 'ਤੇ ਭੰਡਾਰੀ ਕੁਝ ਜਜ਼ਬਾਤੀ ਹੈ ਪਰ ਉਲਾਰ ਨਹੀਂ । ਐਸ. ਪੀ. ਸਕਸੈਨਾ ਦਾ ਰੋਲ ਬਿਨਾਂ ਲੋੜ ਤੋਂ ਕੁਝ ਉਭਾਰਿਆ ਗਿਆ ਹੈ । ਸ਼ਾਇਦ ਸੁਰਜੀਤ ਹੋਰੀਂ ਚਾਹੁੰਦੇ ਨੇ ਕਿ ਨਾਇਕ ਕਮਿਊਨਿਸਟ ਪਾਰਟੀ ਨਾਲ ਸੰਬੰਧਿਤ ਹੁੰਦਾ ਜਾਂ ਇਨਸਾਫ ਪ੍ਰਾਪਤ ਕਰਨ ਲਈ ਅਜਿਹਾ ਹੀ ਕੋਈ ਘੋਲ ਆਰੰਭਦਾ । ਪਰ ਜਿਵੇਂ ਕਿ ਉੱਪਰ ਕਹਿ ਚੁੱਕੇ ਹਾਂ ਕਿ ਨਾਵਲ ਬਿਲਕੁਲ ਯਥਾਰਥਕ ਹੈ ਅਤੇ ਇੰਝ ਕਰਨ ਨਾਲ ਆਦਰਸ਼ਵਾਦ ਦਾ ਰੰਗ ਚੜ੍ਹ ਜਾਣਾ ਸੀ ।

'ਸਮਤਾ' ਵਿਚਲਾ ਸਾਹਿਤ ਇਕ-ਪਾਸੜ ਜਿਹਾ ਹੁੰਦਾ ਹੈ । ਸਾਹਿਤ ਦਾ ਮਤਲਬ ਹੈ ਪਤਰਕਾਰੀ ਦੇ ਮਿਆਰ ਤੋਂ ਉੱਚਾ ਹੋਣਾ ਪਰ ਬਹੁਤ ਵਾਰ 'ਸਮਤਾ' ਦਾ ਮੈਟਰ ਅਖਬਾਰੀ ਪੱਧਰ ਤੋਂ ਉੱਚਾ ਨਹੀਂ ਉੱਠਦਾ । ਭਾਅ ਜੀ ਤੁਹਾਨੂੰ ਸਿਰਫ਼ ਇਕ ਪਾਰਟੀ ਦੇ ਬੁਲਾਰੇ ਬਣਨ ਦੀ ਲੋੜ ਨਹੀਂ, ਬਲਕਿ ਸੁਲਝੇ ਹੋਏ ਢੰਗ ਨਾਲ ਪਾਠਕਾਂ ਦੇ ਮਾਨਸਿਕ ਪੱਧਰ ਨੂੰ ਉੱਪਰ ਉਠਾਉਣਾ ਚਾਹੀਦਾ ਹੈ ।

**—ਆਜ਼ੀ-ਮਾਨਵਜੀਤ**

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ ਦੀਆ ਨਵੀਆਂ ਪ੍ਰਕਾਸ਼ਨਾਵਾ

ਤੂਫ਼ਾਨ ਦੀਆਂ ਜੜ੍ਹਾਂ ਵਿਚ/ਕਵਿਤਾਵਾਂ/ਸੁਖਿੰਦਰ ੦ ਧੁੱਪ ਚੜ੍ਹਨ ਤੋਂ ਪਹਿਲਾਂ/ਕਹਾਣੀਆਂ/ਯਾਦਵਿੰਦਰ

ਗੁਰਚਰਨ ਰਾਮਪੁਰੀ ਦਾ ਨਵਾਂ ਕਾਵਿ ਸੰਗ੍ਰਿਹ **"ਕਤਲਗਾਹ"** ਬਹੁਤ ਜਲਦ ਆਪ ਤੱਕ ਪੁੱਜ ਰਿਹਾ ਹੈ ।

ਨਾਟਕ :

# ਕੁਲਾਜ—ਤੇਰਾ ਨਾਂ ਪੰਜਾਬ

(ਉਸ ਸੰਤਾਪ ਦੇ ਨਾਂ ਜੋ ਅਸੀਂ ਸਾਰਿਆਂ ਭੋਗਿਆ)

ਲੇਖਕ : **ਗੁਰਸ਼ਰਨ ਸਿੰਘ**

ਨਾਟਕ ਖੱਪ ਰੌਲੇ ਨਾਲ ਸ਼ੁਰੂ ਹੁੰਦਾ ਹੈ। ਅਖਬਾਰ ਵਾਲਾ ਪ੍ਰਵੇਸ਼ ਕਰਦਾ ਹੈ। 'ਅੱਜ ਦੀ ਤਾਜ਼ਾ ਖਬਰ', 'ਅੱਜ ਦੀ ਤਾਜ਼ਾ ਖਬਰ', ਸਾਰੇ ਲੋਕ ਅਖਬਾਰ ਲੈਂਦੇ ਹਨ। ਇਹ ਸਾਰਾ ਕੁਝ ਮਾਈਮ ਵਿਚ ਈ ਹੁੰਦਾ ਹੈ। ਅਖਬਾਰ ਦੀਆਂ ਖਬਰਾਂ ਸ਼ੁਰੂ ਹੁੰਦੀਆਂ ਹਨ। ਇਹ ਖਬਰਾਂ ਪਿਛੋਕੜ ਤੋਂ ਇਕ ਕਲਾਕਾਰ ਬੋਲਦਾ ਹੈ, ਤੇ ਇਹਨਾਂ ਦਾ ਪ੍ਰਤੀਕਰਮ ਅਖਬਾਰ ਵਿਚੋਂ ਚਿਹਰਾ ਕੱਢਕੇ ਅਖਬਾਰ ਪੜ੍ਹਨ ਵਾਲੇ ਪੇਸ਼ ਕਰਦੇ ਹਨ :—

ਪਹਿਲੀ ਖਬਰ : ਕਲ ਰਾਤ ਦਿਲਵਾਂ ਨੇੜੇ 8 ਹਿੰਦੂ ਮੁਸਾਫਰਾਂ ਨੂੰ ਬਸ ਵਿਚੋਂ ਕੱਢਕੇ ਗੋਲੀ ਨਾਲ ਉਡਾ ਦਿਤਾ ਗਿਆ।

(ਹਿੰਦੂ ਅਤੇ ਸਿਖ ਦੋ ਟੋਲੀਆਂ ਵਿਚ ਵੰਡੇ ਜਾਂਦੇ ਹਨ)

ਹਿੰਦੂ : ਚ 'ਚ 'ਚ — ਏਨਾਂ ਜ਼ੁਲਮ, ਸਰਕਾਰ ਸੁੱਤੀ ਹੋਈ ਏ।

ਸਿਖ : ਅਗਰ ਪੰਜਾਬ ਦਾ ਮੱਸਲਾ ਹੱਲ ਨਾ ਹੋਇਆ ਤਾਂ ਇਹ ਕੱਤਲ ਹੁੰਦੇ ਰਹਿਣਗੇ।

ਦੂਜੀ ਖਬਰ : ਕਲ ਪੁਲਸ ਮੁਕਾਬਲੇ ਵਿਚ ਦੋ ਕੇਸਾਧਾਰੀ ਅਤਿਵਾਦੀ ਮਾਰੇ ਗਏ।

ਸਿਖ : ਪੁਲਸ ਮੁੱਕਾਬਲੇ ਵਿਚ ਨਹੀਂ, ਬੰਨ੍ਹ ਕੇ ਮਾਰਿਆ ਗਿਆ।

ਹਿੰਦੂ : ਮਾਰਿਆ ਹੀ ਜਾਣਾ ਸੀ, ਉਹਨਾਂ ਨੇ ਅਤਿ ਚੁਕੀ ਹੋਈ ਸੀ।

ਤੀਜੀ ਖਬਰ : ਮੋਰਚੇ ਦੇ ਡਿਕਟੇਟਰ ਦਾ ਬਿਆਨ--ਜਿਨਾਂ ਚਿਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਦੀਆਂ, ਮੋਰਚਾ ਜਾਰੀ ਰਹੇਗਾ।

ਸਿਖ : ਸਿਖਾਂ ਨੂੰ ਝੁਕਾਣਾ ਕੋਈ ਮਮੂਲੀ ਗੱਲ ਨਹੀਂ।

ਹਿੰਦੂ : ਇਹ ਪੰਜਾਬ ਨੂੰ ਅੱਗ ਦੀ ਲਪੇਟ ਵਿਚ ਲਿਆਕੇ ਹੀ ਰਾਜ਼ੀ ਹੋਣਗੇ।

ਚੌਥੀ ਖਬਰ : ਪ੍ਰਧਾਨ ਮੰਤਰੀ ਦਾ ਬਿਆਨ—ਅਸੀਂ ਵਖੇ-ਵਾਦੀ ਸ਼ਕਤੀਆਂ ਅਗੇ ਝੁਕਾਂਗੇ ਨਹੀਂ।

ਹਿੰਦੂ : ਇਹ ਹੋਈ ਨਾ ਗੱਲ, ਦੇਸ਼ ਦੀ ਏਕਤਾ ਸਭ ਤੋਂ ਵੱਡੀ ਗੱਲ ਹੈ।

ਸਿਖ : ਸਾਡੀ ਹੱਕੀ ਮੰਗ ਨੂੰ ਵੱਖਵਾਦੀ ਕਹਿ ਕੇ ਭੰਡਿਆ ਜਾ ਰਿਹਾ ਹੈ ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ।

ਪੰਜਵੀਂ ਖ਼ਬਰ : ਪੰਜਾਬ ਭਰ ਵਿਚ 24 ਘੰਟਿਆਂ ਵਿਚੋਂ 18 ਘੰਟੇ ਬਿਜਲੀ ਬੰਦ ਰਹੇਗੀ।

ਸਿਖ : ਬਿਜਲੀ 18 ਘੰਟੇ ਬੰਦ ਰਹੇ, ਪਾਣੀ 24 ਘੰਟੇ ਬੰਦ ਰਹੇ, ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ, ਵੱਡੀ ਗੱਲ ਹੈ, ਅਨੰਦਪੁਰ ਰੈਜ਼ੁਲੇਸ਼ਨ, ਉਹ ਮੰਨਵਾਏ ਬਗੈਰ ਸਿਖ ਚੈਨ ਨਹੀਂ ਲੈਣਗੇ।

ਹਿੰਦੂ : ਬਿਜਲੀ 18 ਘੰਟੇ ਬੰਦ ਰਹੇ, ਪਾਣੀ 24 ਘੰਟੇ ਬੰਦ ਰਹੇ ਇਹਦੇ ਨਾਲ ਕੋਈ ਫਰਕ 'ਨਹੀਂ ਪੈਂਦਾ। ਵੱਡੀ ਗੱਲ ਹੈ ਕਿ ਦੇਸ਼ ਨੂੰ ਵੱਖਵਾਦੀ ਤਾਕਤਾਂ ਕੋਲੋਂ ਬਚਾਣਾ ਹੈ।

ਸਿਖ : ਦੇਖ ਲਵਾਂਗੇ।

ਹਿੰਦੂ : ਦੇਖ ਲਵਾਂਗੇ।

(ਇਕ ਦੂਜੇ ਵਲ, ਦੇਖਦੇ ਹਨ ਤੇ ਫੇਰ ਮਾਈਮ ਵਿਚ ਫਸਾਦ ਹੁੰਦੇ ਹਨ।

ਅੱਜ ਦੀ ਆਖਰੀ ਖਬਰ : ਹਿੰਦੂਆਂ ਅਤੇ ਸਿਖਾਂ ਦੇ ਦੋ ਗਰੁਪਾਂ ਵਿਚ ਫਸਾਦ ਹੋ ਗਿਆ। ਦੋਨੋਂ ਪਾਸੇ ਤੋਂ ਬੰਦੇ ਹਲਾਕ ਹੋ ਗਏ। ਸਿਖਾਂ ਨੇ ਹਿੰਦੂਆਂ ਨੂੰ ਚੰਗੀ ਤਰ੍ਹਾਂ ਦੇਖ ਲਿਆ ਤੇ ਹਿੰਦੂਆਂ ਨੇ ਸਿਖਾਂ ਨੂੰ ਚੰਗੀ ਤਰ੍ਹਾਂ ਦੇਖ ਲਿਆ। ਆਖਰੀ ਖਬਰ ਆਉਣ ਤੱਕ ਉਹ ਆਪਣੇ ਆਪਣੇ ਬੰਦਿਆਂ ਨੂੰ ਚੁੱਕਕੇ ਲੈ ਜਾ ਰਹੇ ਸਨ।

ਨਾਟਕਕਾਰ : (ਇਕ ਨੁੱਕਰ ਤੇ ਆ ਕੇ)

ਇਹ ਹੈ ਕੋਲਾਜ—ਜਿਸਦਾ ਨਾਂ ਹੈ ਪੰਜਾਬ— ਇਹ ਹੈ ਸੰਤਾਪ ਜੋ ਅਸੀਂ ਭੋਗਿਆ ਤੇ ਉਸਦੀ ਕਹਾਣੀ ਸ਼ੁਰੂ ਕਰਦੇ ਹਾਂ ਸੰਨ 1972 ਤੋਂ ਜੋ ਧਰਮਾਂ ਦੇ ਪੁੱਨਰ ਜਨਮ ਦਾ ਸਮਾ ਹੈ, ਜਦੋਂ ਪੰਜਾਬ ਦਾ ਮੁਖ ਮੰਤਰੀ ਇਕ ਖੱਦਰਧਾਰੀ ਗਿਆਨੀ ਸੀ। ਤੁਹਾਨੂੰ ਲੈ ਚਲਣੇ ਹਾਂ ਬਾਬਿਆਂ ਦੇ ਡੇਰੇ ਤੇ। ਇਹ ਬਾਬੇ ਗੁਰੂ ਕੀ ਲਾਡਲੀ ਫੌਜ ਹਨ ਦੀਵਾਲੀ, ਵਿਸਾਖੀ ਇਹ ਘੋੜਿਆਂ ਤੇ ਜਲੂਸ ਕੱਢਦੇ ਹਨ ਤੇ ਬਾਕੀ ਸਮਾਂ ਆਪਣੇ ਆਪਣੇ ਡੇਰਿਆਂ ਵਿਚ ਕੱਟਦੇ ਹਨ। ਇਹਨਾਂ ਨੂੰ ਨਾਮ ਦੀ ਖੁਮਾਰੀ ਵੀ ਹੈ ਤੇ ਸੁਖੇ ਦੀ ਵੀ ਖੁਮਾਰੀ ਹੈ। ਜਦੋਂ ਖੱਦਰਧਾਰੀ ਗਿਆਨੀ ਪੰਜਾਬ ਦਾ ਮੁਖ ਮੰਤਰੀ ਬਣਿਆਂ ਤਾਂ ਉਹਨੂੰ ਇਹ ਫਿਕਰ ਹੋਇਆ ਕਿ ਅਕਾਲੀਆਂ ਨੂੰ ਕਿਸ ਤਰ੍ਹਾਂ ਗੁੱਠੇ ਲਾਈਏ। ਧਰਮ ਦੇ ਨਾਂ ਤੇ ਉਹ ਸਿਆਸਤ ਚਲਾਂਦੇ ਹਨ ਇਸ ਲਈ ਧਰਮ ਦੀ ਲਾਠੀ ਨਾਲ ਹੀ ਉਹਨਾਂ ਨੂੰ ਚਿੱਤ ਕੀਤਾ ਜਾਏ। ਇਹਦੀ ਲਈ ਉਹ ਇਹਨਾਂ ਬਾਬਿਆਂ ਦੇ ਡੇਰੇ ਗਿਆ। ਤੇ ਪਰਵੇਸ਼ ਖਦਰਧਾਰੀ ਗਿਆਨੀ ਦਾ ਬਾਬਿਆਂ ਦੇ ਡੇਰੇ :

ਅਕਾਲ-ਅਕਾਲ — (ਕਮੈਂਟਰੀ ਦੇ ਦਰਮਿਆਨ

ਬਾਬਿਆਂ ਦਾ ਡੇਰਾ ਸਥਾਪਤ ਕਰਨਾ ਹੈ। ਮੋਟੇ ਬਾਬੇ ਮੰਜੇ ਤੇ ਬੈਠੇ ਹਨ, ਸੇਵਾਦਾਰ ਪੱਖਾ ਝੱਲ ਰਿਹਾ ਹੈ।

ਬਾਬਾ : (ਸੇਵਾਦਾਰਾਂ ਨੂੰ) ਸਿੰਘਾ, ਮੁੱਖ ਮੰਤਰੀ ਹੋਰੀਂ ਆਏ ਨੇ ਕੋਈ ਕੁਰਸੀ ਲਿਆ, ਕੋਈ ਮੰਜਾ ਲਿਆ, ਕੋਈ ਆਸਨ ਵਿਛਾ।

ਗਿਆਨੀ : ਦਾਸ ਤਾਂ ਤੁਹਾਡੇ ਚਰਨਾਂ ਵਿਚ ਹੀ ਬੈਠੇਗਾ।

ਬਾਬਾ : ਤੂੰ ਤਾਂ ਅਸਲੀ ਗੁਰੂ ਦਾ ਸਿੰਘ ਏਂ, ਗੁਰੂ ਦੀ ਗੱਦੀ ਤੇ ਬੈਠੇ 108ਵੇਂ ਸਰੂਪ ਨੂੰ ਪਛਾਣਦਾ ਏਂ, ਦੱਸ, ਤੇਰਾਂ ਕਰੋੜੀ ਬਾਬੇ ਡੇਰੀ ਕੀ ਸੇਵਾ ਕਰ ਸਕਦੇ ਨੇ ?

ਗਿਆਨੀ : ਬਾਬਾ ਜੀ, ਤੁਸੀਂ ਤਾਂ ਇਥੇ ਬੈਠੇ ਹੋ, ਪਰ ਮਾਤਲੋਕ ਵਿਚ ਸਿਖੀ ਦਾ ਬੇੜਾ ਗ਼ਰਕ ਹੋ ਰਿਹਾ ਏ।

ਬਾਬਾ : ਇਹ ਕੀ ਗੱਲ ਕਰ ਰਿਹਾ ਏਂ ਗੁਰੂ ਦੇ ਸਿਖਾ, ਸਿਖੀ ਦਾ ਬੇੜਾ ਕਦੀ ਗ਼ਰਕ ਨਹੀਂ ਹੋ ਸਕਦਾ। ਉਹ ਤੇ ਇਕ ਐਸਾ ਬੇੜਾ ਏ, ਜਿਹੜਾ ਉਹਦੇ ਤੇ ਚੜ੍ਹੇਗਾ ਉਹ ਪਾਰ ਹੀ ਉਤਰੇਗਾ।

ਗਿਆਨੀ। ਦੁਸ਼ਟ ਅਕਾਲੀਆਂ ਨੇ ਗੁਰੂ ਦੇ ਸਾਰੇ ਦਵਾਰੇ ਸਾਂਭ ਲਏ ਨੇ। ਉਹ ਗੋਲਕ ਨੂੰ ਆਪਣੇ ਨਿਜੀ ਮੁਫਾਦਾਂ ਵਾਸਤੇ ਵਰਤ ਰਹੇ ਨੇ। ਸਿਖ਼ੀ ਦਾ ਕੋਈ ਪਰਚਾਰ ਨਹੀਂ ਰਿਹਾ। ਲੋਕਾਂ ਦਾ ਰੱਬ ਤੋਂ ਵਿਸ਼ਵਾਸ਼ ਉਠ ਰਿਹਾ ਏ। ਸਿਖੀ ਸਰੂਪ ਦਾ ਕਿਸੇ ਨੂੰ ਖਿਆਲ ਨਹੀਂ ਨੌਜਵਾਨ ਦਾੜ੍ਹੀਆਂ ਛਿੱਲ ਰਹੇ ਹਨ, ਕੱਛਾਂ ਮੁੰਨ ਰਹੇ ਹਨ।

ਬਾਬਾ : ਤੇ ਬੁੱਢੇ ਦਾੜ੍ਹੀਆਂ ਰੰਗ ਰਹੇ ਹਨ।

ਗਿਆਨੀ : (ਜਿੱਚ ਹੋ ਕੇ) ਇਹ ਤਾਂ ਬਾਬਾ ਜੀ, ਦਾਸ ਦੀ ਨਿੱਕੀ ਜਿਹੀ ਕਮਜ਼ੋਰੀ ਏ। ਦਾਸ ਬੁੱਢਾ ਹੋਣ ਤੇ ਵੀ ਜਵਾਨ ਦਿਸਣਾ ਚਾਹੁੰਦਾ ਏ।

ਬਾਬਾ : ਅਛਾ ਸਿੰਘ, ਸਾਡੀ ਅਰਦਾਸ ਏ ਤੂੰ ਸੱਦਾ ਜਵਾਨੀਆਂ ਨੂੰ ਮਾਣਦਾ ਰਹੇਂ, ਤੇਰੇ ਕਹਿਣ ਅਨੁਸਾਰ ਸਿੱਖੀ ਨੂੰ ਖਤਰਾ ਹੈ, ਇਹਦੇ ਵਾਸਤੇ ਸਾਨੂੰ ਕੀ ਕਰਨਾ ਚਾਹੀਦਾ ਹੈ ?

ਗਿਆਨੀ : ਤੁਹਾਨੂੰ ਅਪਣੇ ਡੇਰੇ ਛੱਡਕੇ ਪਬਲਿਕ ਲਾਈਫ ਵਿਚ ਆਉਣਾ ਚਾਹੀਦਾ ਹੈ।

ਬਾਬਾ : ਪਬਲਿਕ ਲਾਈਫ ?

ਗਿਆਨੀ : ਹਾਂ ਤੁਹਾਨੂੰ ਅਖ਼ਬਾਰਾਂ ਵਿਚ ਬਿਆਨ ਦੇਣੇ ਚਾਹੀਦੇ ਹਨ। ਛੋਟੇ ਮੋਟੇ ਮੋਰਚੇ ਲਾਉਣੇ ਚਾਹੀਦੇ ਹਨ। ਜਿਸ ਤੋਂ ਪਤਾ ਲਗੇ ਕਿ ਤੁਸੀਂ ਆਪਣੀ ਵੱਡੀ ਪੱਗ ਦੇ ਥੱਲੇ ਵੱਡਾ ਸਿਰ ਰੱਖਦੇ ਹੋ ਤੇ ਵਡੇ ਸਿਰ ਥੱਲੇ ਵਡੀ ਅਕਲ ਰਖਦੇ ਹੋ।

ਬਾਬਾ : ਕੀ ਅਗੇ ਲੋਕਾਂ ਨੂੰ ਸਾਡੀ ਅੱਕਲ ਤੇ ਸ਼ਕ ਹੈ ?

ਗਿਆਨੀ : ਹਾਲੀਂ ਤਕ ਤਾਂ ਇਹ ਪ੍ਰਭਾਵ ਹੈ ਕਿ ਪਿੰਡਾਂ ਦੇ ਅੱਧ,ਅਕਲੇ ਜਿਹੜੇ ਹੁੰਦੇ ਹਨ, ਉਹੀ ਬਾਬਿਆਂ ਦੇ ਡੇਰੇ ਆਂਦੇ ਹਨ ਤੇ ਇਹ ਪ੍ਰਭਾਵ ਨਿਕਲ ਜਾਣਾ ਚਾਹੀਦਾ ਹੈ।

ਬਾਬਾ : ਅਸੀਂ ਇਹ ਕੱਢ ਦਿਆਂਗੇ, ਅਸੀਂ ਅਖਬਾਰ ਵਿਚ ਵੱਡੇ-ਵੱਡੇ ਬਿਆਨ ਦੇਵਾਂਗੇ, ਪਰ ਅਖਬਾਰ ਵਾਲੇ ਹੈਨ ਕਿੱਥੇ ?

ਗਿਆਨੀ : ਉਹਨਾਂ ਦਾ ਫਿਕਰ ਨਾ ਕਰੋ, ਉਹਨਾਂ ਨੂੰ ਮੈਂ ਭੇਜਾਂਗਾ।

ਬਾਬਾ : ਪਰ ਕੀ ਉਹ ਸਾਡੇ ਬਿਆਨ ਛਾਪਣਗੇ ?

ਗਿਆਨੀ : ਬਿਆਨ ਵੀ ਛਾਪਣਗੇ ਤੇ ਤੁਹਾਡੀਆਂ ਰੰਗੀਨ ਫੋਟੋ ਵੀ ਛਾਪਣਗੇ।

ਬਾਬਾ : ਉਹ ਕਿਉਂ ਛਾਪਣਗੇ ?

ਗਿਆਨੀ : ਕਿਉਂਕਿ ਅਸੀਂ ਉਹਨਾਂ ਨੂੰ ਛਾਪਣ ਲਈ ਕਹਾਂਗੇ।

ਬਾਬਾ : ਉਹ ਤੁਹਾਡਾ ਹੁਕਮ ਕਿਉਂ ਮੰਨਣਗੇ ?

ਗਿਆਨੀ : ਕਿਉਂਕਿ ਅਖਬਾਰਾਂ ਛਾਪਣ ਲਈ ਉਹਨਾਂ ਨੂੰ ਪੈਸੇ ਚਾਹੀਦੇ ਹਨ, ਤੇ ਪੈਸੇ ਉਹਨਾਂ ਨੂੰ ਸਰਕਾਰ ਦੇਂਦੀ ਏ ਇਸ਼ਤਿਹਾਰ ਦੀ ਸ਼ਕਲ ਵਿਚ, ਤੇ ਸਰਕਾਰ ਅੱਜ ਕੱਲ ਅਸੀਂ ਹਾਂ।

ਬਾਬਾ : ਫੇਰ ਠੀਕ ਐ, ਅਸੀਂ ਪਬਲਿਕ ਲਾਈਫ ਵਿਚ ਪ੍ਰਵੇਸ਼ ਕਰ ਜਾਨੇ ਹਾਂ, ਪਰ ਅਸੀਂ ਕੀ ਕਹਿਕੇ ਪਬਲਿਕ ਲਾਈਫ ਵਿਚ ਪ੍ਰਵੇਸ਼ ਕਰੀਏ ?

ਗਿਆਨੀ : ਅੱਜ-ਕੱਲ ਇਕ ਮਾਮਲਾ ਡਾਕਟਰ ਫੌਜਾ ਸਿੰਘ ਦਾ ਗੁਰੂ ਤੇਗ ਬਹਾਦੁਰ ਬਾਰੇ ਖੋਜ ਸਿਲਸਿਲੇ ਵਿਚ ਚਲ ਰਿਹਾ ਹੈ।

ਬਾਬਾ : ਫੌਜਾ ਸਿੰਘ ਨਾਂ ਤਾਂ ਕਿਸੇ ਨਿਹੰਗ ਦਾ ਹੋਣਾ ਚਾਹੀਦਾ ਹੈ, ਇਹ ਡਾਕਟਰ ਦਾ ਕਿਸ ਤਰਾਂ ਹੋ ਗਿਆ ਹੈ ? ਉਂਝ ਇਹ ਡਾਕਟਰੀ ਕਿਸ ਸ਼ੈ ਦੀ ਕਰਦਾ ਏ। ਜੇ ਡੰਗਰਾਂ ਦੀ ਕਰਦਾ ਏਂ, ਤਾਂ ਸਾਡੇ ਡੇਰੇ ਵੀ ਉਹਦੀ ਲੋੜ ਏ।

ਗਿਆਨੀ : ਨਹੀਂ ਬਾਬਾ ਜੀ, ਇਹ ਇਤਿਹਾਸ ਦੀ ਡਾਕਟਰੀ ਕਰਦਾ ਏ, ਇਹਨੇ ਆਪਣੇ ਇਕ ਪਰਚੇ ਵਿਚ ਕਿਹਾ ਹੈ ਕਿ ਇਹ ਸਾਖੀ ਕਿ ਗੁਰੂ ਤੇਗ ਬਹਾਦੁਰ ਕਸ਼ਮੀਰੀ ਪੰਡਤਾਂ ਦੇ ਕਹਿਣ ਤੇ ਦਿਲੀ, ਚਾਂਦਨੀ ਚੌਂਕ ਵਿਚ ਸ਼ਹਾਦਤ ਪਾ ਗਏ, ਪੂਰਾ ਸੱਚ ਨਹੀਂ।

ਬਾਬਾ : ਫੇਰ ਪੂਰਾ ਸੱਚ ਕੀ ਏ ?

ਗਿਆਨੀ : ਇਹ ਜਾਣਕੇ ਤੁਸੀਂ ਕੀ ਲੈਣਾ ? ਤੁਸੀਂ ਬਿਆਨ ਦਾਗ਼ ਦਿਉ ਕਿ ਜਿਹੜਾ ਗੁਰੂ ਤੇਗ ਬਹਾਦੁਰ ਦਾ ਅਪਮਾਨ ਕਰੇਗਾ ਉਸਨੂੰ ਸੋਧ ਦਿਤਾ ਜਾਏਗਾ ਤੇ ਇਸਤਰ੍ਹਾਂ ਤੁਹਾਡਾ ਪਬਲਿਕ ਲਾਈਫ ਵਿਚ ਪਰਵੇਸ਼ ਹੋ ਜਾਏਗਾ।

ਬਾਬਾ : ਜੋ ਅਸੀਂ ਪਰਵੇਸ਼ ਕਰਨੇ ਹਾਂ, ਤੁਸੀਂ ਪ੍ਰੈਸ ਨੂੰ ਬੁਲਾਉ, ਫੋਟੋ ਗਰਾਫਰਾਂ ਨੂੰ ਲਿਆਓ, ਚਾਰ ਬੰਦੇ ਲਿਆਕੇ ਸਾਡੀ ਦੇਹ ਨੂੰ ਉਠਾਉ।

ਅਗਲਾ ਸਾਰਾ ਸੀਨ ਮਾਈਮ ਵਿਚ ਹੈ। ਸਟੇਜ ਦਾ ਇਕ ਚੱਕਰ ਲਗਦਾ ਹੈ, ਫੋਟੋ ਖਿੱਚੀਆਂ ਜਾ ਰਹੀਆਂ ਹਨ, ਗਿਆਨੀ ਬਾਹਰ ਨਿਕਲ ਜਾਂਦਾ ਹੈ। ਇਕ ਪਾਸੇ ਕੁਰਸੀ ਤੇ ਆਕੇ ਇਕ ਬੁੱਧੀਜੀਵੀ ਕਿਸਮ ਦਾ ਬੰਦਾ ਡਾ: ਫੌਜਾ ਸਿੰਘ ਮੋਟੀ ਜਿਹੀ ਕਿਤਾਬ ਲੈ ਕੇ ਬੈਠਦਾ ਹੈ। ਚੱਕਰ ਲਗਾਉਂਦਾ ਹੋਇਆਂ ਬਾਬਾ ਡਾ: ਫੌਜਾ ਸਿੰਘ ਕੋਲ ਪੁੱਜ ਜਾਂਦਾ ਹੈ।

ਬਾਬਾ : ਫੌਜਾ ਸਿੰਘ ਤੇਰਾ ਹੀ ਨਾਂ ਏਂ ?

ਫੌ. ਸਿੰਘ : ਮੇਰਾ ਹੀ ਨਾਂ ਏਂ ਬਾਬਿਉ, ਹੁਕਮ ਕਰੋ।

ਬਾਬਾ : ਜੋ ਕੁਝ ਤੂੰ ਗੁਰੂ ਤੇਗ਼ ਬਹਾਦਰ ਬਾਰੇ ਜਾਨਣਾ ਏ ਉਹ ਆਪਣੇ ਇਸ ਦਿਮਾਗ ਵਿਚੋਂ ਕੱਢ ਦੇ।

ਫੌ. ਸਿੰਘ : ਬਾਬਿਉ, ਜੋ ਕੁਝ ਦਿਮਾਗ ਵਿਚ ਇਕ ਵਾਰੀ ਆ ਜਾਵੇ। ਉਹ ਨਿਕਲਦਾ ਨਹੀਂ ਹੁੰਦਾ।

ਬਾਬਾ : ਵਡੀ ਸਾਰੀ ਪੱਗ ਬੰਨ੍ਹ ਲੈ,ਆਪੇ ਨਿਕਲ ਜਾਏਗਾ।

ਫੌ. ਸਿੰਘ : ਪਰ ਤੁਹਾਨੂੰ ਇਤਰਾਜ਼ ਕਿਸ ਗੱਲ ਤੇ ਐ ?

ਬਾਬਾ , ਉਏ ਅਸੀਂ ਤਿੰਨ ਸੌ ਸਾਲ ਇਹੀ ਸੁਣਦੇ ਆਏ ਕਿ ਨੌਵੇਂ ਗੁਰੂ ਨੂੰ ਜਨੇਊ ਦੀ ਰਾਖੀ ਲਈ ਸ਼ਹਾਦਤ ਪਾਈ ਤੂੰ ਇਹ ਕਹਿਣਾ ਏਂ ਕਿ ਇਹ ਪੂਰਾ ਸੱਚ ਨਹੀਂ। ਅਸੀਂ 300 ਸਾਲ ਹਿੰਦੂਆਂ ਤੇ ਇਹ ਅਹਿਸਾਨ ਜਿਤਾਂਦੇ ਰਹੇ ਕਿ ਸਿਖ ਧਰਮ ਹਿੰਦੂਆਂ ਦੀ ਰਾਖੀ ਲਈ ਵਜੂਦ ਵਿਚ ਆਇਆਂ ਤੇ ਹੁਣ ਤੂੰ ਉਹ ਅਹਿਸਾਨ ਨੂੰ ਗਲਤ ਕਹਿੰਦਾ ਏਂ—ਸਾਡੇ ਮਾਨ ਨੂੰ ਧੱਕਾ ਲਗਾਉਂਦਾ ਏਂ।

ਫੌ. ਸਿੰਘ : ਬਾਬਾ ਜੀ, ਸਿੱਖ ਧਰਮ ਨੂੰ ਸਮੇਂ ਦੀ ਲੋੜ ਨੇ ਜਨਮ ਦਿਤਾ, ਬਾਬਾ ਨਾਨਕ ਨੇ ਹੱਕ ਦੀ ਆਵਾਜ਼ ਉਠਾਈ, ਗੁਰੂ ਗੋਬਿੰਦ ਸਿੰਘ ਨੇ ਹੱਕ ਲਈ ਲੜਨਾ ਸਿਖਾਇਆ। ਕਿਸੇ ਤੇ ਅਹਿਸਾਨ ਦਾ ਨਾਂ ਦੇ ਕੇ ਉਸ ਮਹਾਨ ਮਿਸ਼ਨ ਨੂੰ ਸੌੜਾ ਕਿਉਂ ਕਰਦੇ ਹੋ ? ਮੈਂ ਆਪਣੀ ਖੋਜ ਵਿਚ ਇਹ ਭਰਮ ਹੀ ਦੂਰ ਕਰਨ ਦਾ ਯਤਨ ਕੀਤਾ ਸੀ।

ਬਾਬਾ : ਅਸੀਂ ਇਹ ਸਭ ਨਹੀਂ ਸੁਨਣਾ ਚਾਹੁੰਦੇ, ਤੈਨੂੰ ਉਹ ਖੋਜ ਵਾਪਸ ਲੈਣੀ ਪਵੇਗੀ।

ਫੌ. ਸਿੰਘ : ਜੇ ਨਾ ਲਈ ?

ਬਾਬਾ : ਤਾਂ ਤੈਨੂੰ ਸੋਧ ਦਿਤਾ ਜਾਏਗਾ। (ਬਰਛਾ ਉਹਦੇ ਵੱਲ ਕਰਦਾ ਹੈ। ਫੌਜਾ ਸਿੰਘ ਆਪਣੀ ਕਿਤਾਬ ਲੈ ਕੇ ਪਿੱਛੇ ਹੱਟਦਾ ਹੈ ਤੇ ਬਾਬਾ ਅੱਗੇ ਵੱਧਦਾ ਹੈ। ਇਕ ਚੱਕਰ ਲਗਾਉਂਦੇ ਹਨ।

ਨਾਟਕਕਾਰ : ਅੱਗੇ ਅੱਗੇ ਅਕਲ, ਪਿੱਛੇ ਪਿੱਛੇ ਡਾਂਗ
ਤਰਕ ਖੰਭ ਲਾ ਕੇ ਉਡਿਆ
ਧੱਕਾ ਹੋਇਆ ਪ੍ਰਧਾਨ।
ਅੱਗੇ ਅੱਗੇ ਅਕਲ
ਪਿੱਛੇ ਪਿੱਛੇ ਡਾਂਗ।

[ਪਿਛਲਾ ਸੀਨ ਮੁਕਦਾ ਹੀ ਹੈ ਤਾਂ ਦੂਜੇ ਪਾਸਿਉਂ ਖੱਦਰਧਾਰੀ ਗਿਆਨੀ ਤੇ ਪਿੱਛੇ ਪਿੱਛੇ ਇਕ ਤਿਲਕਧਾਰੀ ਪੰਡਤ ਦਾਖਲ ਹੁੰਦਾ ਹੈ]

ਪੰਡਤ : ਰਾਮ-ਰਾਮ।

ਗਿਆਨੀ : ਰਾਮ-ਰਾਮ ਪੰਡਤ ਜੀ, ਦੱਸੋ ਕਿਸ ਤਰ੍ਹਾਂ ਆਉਣਾ ਹੋਇਆ ?

ਪੰਡਤ : ਦਿਆਨੀਓ ਇਕ ਅਰਜ਼ ਕਰਨੀ ਏਂ।

ਗਿਆਨੀ : ਹੁਕਮ ਕਰੋ ਪੰਡਤ ਜੀ।

ਪੰਡਤ : ਤੁਸੀਂ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ।

ਗਿਆਨੀ : ਸਿੱਖਾਂ ਨੂੰ ਇਹ ਦੱਸਣ ਲਈ ਕਿ ਸਿਰਫ ਅਕਾਲੀ ਹੀ ਨਹੀਂ, ਅਸੀਂ ਵੀ ਸਿੱਖਾਂ ਦੇ ਸੇਵਾਦਾਰ ਹਾਂ।

ਪੰਡਤ : ਤੁਸੀਂ ਊਧਮ ਸਿੰਘ ਦੀਆਂ ਅਸਥੀਆਂ ਵਲੈਤ ਤੋਂ ਲਿਆਏ।

ਗਿਆਨੀ : ਇਹ ਪੰਜਾਬੀਆਂ ਵਿਚ ਆਪਣੀ ਸ਼ਾਖ ਬਨਾਉਣ ਲਈ ਕੀਤਾ।

ਪੰਡਤ : ਤੁਸੀਂ ਭਗਤ ਸਿੰਘ ਦੀ ਮਾਤਾ ਨੂੰ ਰਾਜ ਮਾਤਾ ਬਣਾਇਆ, ਇਕ ਕਾਰ ਦਿੱਤੀ।

ਗਿਆਨੀ : ਇਹ ਇਸ ਲਈ ਕੀਤਾ ਤਾਂ ਜੋ ਭਗਤ ਸਿੰਘ ਨੂੰ ਕਮਿਊਨਿਸਟ ਨਾ ਸਾਂਭ ਲੈਣ।

ਪੰਡਤ : ਫੇਰ ਸਾਨੂੰ ਵੀ ਕੁਝ ਦੇ ਦੇਵੋ।

ਗਿਆਨੀ : ਹੁਕਮ ਕਰੋ।

ਪੰਡਤ : ਅਸੀਂ ਤਾਂ ਅਰਜ਼ ਕਰਨ ਜੋਗੇ ਹਾਂ।

ਗਿਆਨੀ : ਹਿੰਦੁਸਤਾਨ ਤੇ ਤੁਹਾਡੀ ਅੰਸ਼ ਦੀ ਬੀਬੀ ਦਾ ਰਾਜ, ਤੁਸੀਂ ਅਰਜ਼ ਨਹੀਂ, ਹੁਕਮ ਕਰੋਗੇ।

ਪੰਡਤ : ਫੇਰ ਤੂੰ ਸਾਨੂੰ ਉਹਦਾ ਹੀ ਰੂਪ ਸਮਝ।

ਗਿਆਨੀ : ਤੁਸੀਂ ਫੇਰ ਉਸ ਰੂਪ ਵਿਚ ਆ ਜਾਉ।

ਪੰਡਤ : (ਆਕੜ ਕੇ) ਆ ਜਾਈਏ।

ਗਿਆਨੀ : ਆ ਜਾਉ।

ਪੰਡਤ : ਫੇਰ ਅਸੀਂ ਆ ਗਏ।

ਗਿਆਨੀ : ਫੇਰ ਹੁਕਮ ਕਰੋ।

ਪੰਡਤ : ਸਾਡਾ ਵੀ ਜਿਹੜਾ ਰਾਮ ਤੀਰਥ ਹੈ ਉਹਨੂੰ ਮਾਰਗ ਬਣਾ ਦਿਉ—

ਗਿਆਨੀ : ਜੋ ਹੁਕਮ ਪੰਡਤ ਜੀ—ਰਾਮ ਤੀਰਥ ਮੰਦਰ ਦੀ ਸਰਕਾਰੀ ਖਰਚ ਤੇ ਮੁਰੰਮਤ ਹੋਏਗੀ—ਉਥੇ ਠਹਿਰਨ ਲਈ ਸਰਾਂ ਬਣੇਗੀ। ਵੱਡੀ ਸੜਕ ਬਣੇਗੀ ਅਸੀਂ ਤਾਂ ਕਹਿੰਦੇ ਹਾਂ ਸਾਰੇ ਧਰਮ ਵੱਧਣ-ਫੂਲਣ।

ਪੰਡਤ : ਉਥੇ ਭਗਤਾ ਤੇਰਾ ਰਾਜ ਜੁਗਾਂ ਜੁਗਾਂ ਤੱਕ ਚੱਲੇ ।
(ਅੱਗੇ ਅੱਗੇ ਪੰਡਤ ਜੀ, ਪਿੱਛੇ ਪਿੱਛੇ ਗਿਆਨੀ)

ਨਾਟਕਕਾਰ : ਧਰਮ ਨਿਰਪੇਖਤਾ ਨੀਤੀ ਹੈ ਸਰਕਾਰ ਦੀ
ਹਿੰਦੂ ਵਧਨ, ਸਿੱਖ ਵਧਨ, ਮਾਇਆ ਲੱਗੇ ਸਰਕਾਰ ਦੀ
ਲੋਕੀਂ ਟੈਕਸ ਦੇਣ, ਬਿਜਲੀ ਮਿਲੇ
ਲੋਕੀਂ ਟੈਕਸ ਦੇਣ, ਪਾਣੀ ਮਿਲੇ
ਲੋਕੀਂ ਟੈਕਸ ਦੇਣ, ਵਿਦਿਆ ਮਿਲੇ
ਲੋਕੀਂ ਟੈਕਸ ਦੇਣ, ਨੌਕਰੀ ਮਿਲੇ
ਪਰ ਇਹ ਟੈਕਸਾਂ ਨੂੰ ਧਰਮਾਂ ਦੇ ਲੇਖੇ ਲਾਂਦੇ ।
ਧਰਮ ਨਿਰਪੇਖਤਾ ਨੀਤੀ ਹੈ ਸਰਕਾਰ ਦੀ,
ਹਿੰਦੂ ਵਧਨ, ਸਿੱਖ ਵਧਨ, ਮਾਇਆ ਲਗੇ ਸਰਕਾਰ ਦੀ।
ਧਰਮ ਵਿਚ ਦਖਲ ਨਾ ਦੇਵੇ ਦਵਾਏ ।
ਸਗੋਂ ਧਰਮ ਨਿਰਪੇਖਤਾ ਤਾਂ ਹੀ ਠੀਕ ਕਹਾਵੇ
ਜੇ ਸਰਕਾਰ ਸਾਰਿਆਂ ਧਰਮਾਂ ਨੂੰ ਪੁੱਠੇ ਪਾਵੇ
ਪਰਧਾਨ ਮੰਤਰੀ ਨੀਂਹ ਰੱਖਣ ਵੇਲੇ
ਧੂਪੇ ਤੋੜੇ, ਮੱਥੇ ਟਿੱਕਾ ਲਵਾਵੇ
ਪੰਡਤਾਂ ਨੂੰ ਸੱਦ ਮੰਤਰ ਪੜਾਏ—
ਧਰਮ ਨਿਰਪੇਖਤਾ ਨੀਤੀ ਹੈ ਸਰਕਾਰ ਦੀ
ਹਿੰਦੂ ਵਧਨ, ਸਿੱਖ ਵਧਨ, ਦੌਲਤ ਲੱਗੇ ਸਰਕਾਰ ਦੀ

[ਪਹਿਲੇ ਇਕ ਪਾਸੇ ਤੋਂ ਬਾਬੇ ਦੀ ਅਗਵਾਈ ਵਿਚ ਸਿੱਖਾਂ ਦਾ ਜਲੂਸ ਆਉਂਦਾ ਹੈ। ਦੂਜੇ ਪਾਸੇ ਪੰਡਤ ਦੀ ਅਗਵਾਈ ਵਿਚ ਹਿੰਦੂਆਂ ਦਾ ਜਲੂਸ ਆਉਂਦ ਹੈ ।]

ਬਾਬਾ : ਕਿਉਂ ਬਈ ਲੋਕੋ ਮਸਲਾ ਰੋਟੀ ਦਾ
ਬਾਕੀ : ਨਾ ਬਈ ਨਾ
ਬਾਬਾ : ਕਿਉਂ ਬਈ ਲੋਕੋ ਮਸਲਾ ਕਪੜੇ ਦਾ
ਬਾਕੀ : ਨਾ ਬਈ ਨਾ
ਬਾਬਾ : ਕਿਉਂ ਬਈ ਲੋਕੋ ਮਸਲਾ ਰੋਜ਼ੀ ਦਾ
ਬਾਕੀ : ਨਾ ਬਈ ਨਾ
ਬਾਬਾ : ਕਿਉਂ ਬਈ ਲੋਕੋ ਮਸਲਾ ਧਰਮਾਂ ਦਾ
ਬਾਕੀ : ਹਾਂ ਬਈ ਹਾਂ
ਪੰਡਤ : ਕਿਉਂ ਬਈ ਲੋਕੋ ਮਸਲਾ ਰੋਟੀ ਦਾ
ਬਾਕੀ : ਨਾ ਬਈ ਨਾ
ਪੰਡਤ : ਕਿਉਂ ਬਈ ਲੋਕੋ ਮਸਲਾ ਕਪੜੇ ਦਾ
ਬਾਕੀ : ਨਾ ਬਈ ਨਾ
ਪੰਡਤ : ਕਿਉਂ ਬਈ ਲੋਕੋ ਮਸਲਾ ਰੋਜ਼ੀ ਦਾ
ਬਾਕੀ : ਨਾ ਬਈ ਨਾ
ਪੰਡਤ : ਕਿਉਂ ਬਈ ਲੋਕੋ ਮਸਲਾ ਧਰਮਾਂ ਦਾ
ਬਾਕੀ : ਹਾਂ ਬਈ ਹਾਂ

[ਸਟੇਜ ਦੇ ਸੈਂਟਰ ਵਿਚ ਬਾਬਾ ਜੀ ਤੇ ਪੰਡਿਤ ਜੀ ਇਕੱਠੇ ਹੋ ਜਾਂਦੇ ਹਨ]

ਬਾਬਾ ਜੀ ਤੇ ਪੰਡਤ ਜੀ (ਇਕੱਠੇ) : ਮਸਲੇ ਅਸੀਂ ਉਠਾਂ ਰਹੇ ਹਾਂ, ਵਾਹ ਵਾਹ ਸ਼ੁਗਲ ਮਨਾ ਰਹੇ ਹਾਂ

[ਇਸੇ ਤਰ੍ਹਾਂ ਹੌਲੀ ਹੌਲੀ ਪਿੱਛੇ ਹੋ ਕੇ ਸਟੇਜ ਦੇ ਬਾਹਰ ਚਲੇ ਜਾਂਦੇ ਹਨ। ਇਹਦੇ ਨਾਲ ਹੀ ਤਿੰਨ ਕਲਾਕਾਰ ਇਕ ਟੈਲੀਵੀਜ਼ਨ ਦੀ ਕੰਪੋਜ਼ੀਸ਼ਨ ਬਣਾਉਂਦੇ ਸਟੇਜ ਦੇ ਪਿਛਲੇ ਪਾਸੇ ਸੈਂਟਰ ਵਿਚ ਆ ਜਾਂਦੇ ਹਨ]

ਨਾਟਕਕਾਰ : (ਪਿਛੋਂ ਆਵਾਜ਼)
ਸ਼ੁਗਲ ਸ਼ੁਗਲ ਵਿਚ ਇਕ ਦੂਜੇ ਤੇ ਵਾਰ ਸੀ
ਸਮੇਂ ਦੀ ਤੇਜ਼ ਰਫਤਾਰ ਸੀ
ਹੁਣ ਅਕਾਲੀ ਜੰਤਾ ਰਾਜ ਸੀ
ਧਰਮਾਂ ਦੀ ਜੈ ਜੈਕਾਰ ਸੀ
ਸਿੱਖ ਨਿਰੰਕਾਰੀ ਝਗੜੇ ਦਾ ਆਗਾਜ਼ ਸੀ

[ਇਕ ਪਾਸੇ ਤੋਂ ਇਕ ਸਿੱਖ ਬੜੇ ਜੋਸ਼ ਨਾਲ ਨਿਕਲਦਾ ਹੈ]

ਸਿੰਘ : ਖਾਲਸਾ ਜੀ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਾਅਦ ਗੁਰੂ ਗਰੰਥ ਸਾਹਿਬ ਨੂੰ ਗੁਰੂ ਆਖਿਆ ਸੀ— ਪਰ ਕੁਝ ਚੌਧਰੀ ਗੁਰੂ ਸਾਹਿਬ ਦੇ ਇਸ ਵਾਕ ਨੂੰ ਗ਼ਲਤ ਬਣਾ ਰਹੇ ਹਨ :
ਗੁਰੂ ਗਰੰਥ ਜੀ ਮਾਨੀਏ, ਪ੍ਰਗਟ ਗੁਰਾਂ ਕੀ ਦੇਹ—
ਸਮਾਂ ਆ ਗਿਆ ਹੈ ਇਹਨਾਂ ਪਖੰਡੀਆਂ ਦੇ ਡੇਰੇ ਖਤਮ ਕੀਤੇ ਜਾਣ—ਤੇ ਸੱਚੇ ਧਰਮ ਦਾ ਪਰਚਾਰ ਕੀਤਾ ਜਾਵੇ ।

ਨਿਰੰਕਾਰੀ : (ਚਿੱਟੇ ਲਿਬਾਸ ਵਿਚ) ਗੁਰੂ ਬਿਨ ਗਤਿ ਨਹੀਂ, ਇਹ ਸੱਚਾਈ ਕੋਈ ਨਹੀਂ ਝੁਠਲਾ ਸਕਦਾ। ਇਕ ਕਿਤਾਬ ਭਾਵੇਂ ਉਹ ਕਿੰਨੀ ਹੀ ਪਵਿੱਤਰ ਹੋਵੇ, ਕਿੰਨੀ ਹੀ ਮਹਾਨ ਹੋਵੇ, ਗੁਰੂ ਦਾ ਦਰਜਾ ਨਹੀਂ ਪਾ ਸਕਦੀ। ਇਸ ਲਈ ਜਿਨ੍ਹਾਂ ਨੇ ਇਸ ਜਨਮ-ਮਰਨ ਦੇ ਗੇੜ ਤੋਂ ਮੁਕਤੀ ਪਾਉਣੀ ਹੈ। ਇਸ ਸੰਸਾਰ ਵਿਚ ਮਨ ਦੀ ਸ਼ਾਂਤੀ ਲੈਣੀ ਹੈ ਉਸਨੂੰ ਗੁਰੂ ਦੇ ਮੰਤਰ ਦੀ ਲੋੜ ਹੈ ਤੇ ਇਹ ਮੰਤਰ ਨਿਰੰਕਾਰੀ ਬਾਬਾ ਹੀ ਦੇ ਸਕਦੇ ਹਨ ।

ਸਿੰਘ : ਦੇਖੋ ਕਿੰਨਾਂ ਅਨਰਥ ਹੋ ਰਿਹਾ ਹੈ। ਰਾਜ ਹੋਵੇ ਅਕਾਲੀ ਦਲ ਦਾ, ਮੁੱਖ ਮੰਤਰੀ ਹੋਵੇ ਪ੍ਰਕਾਸ਼ ਸਿੰਘ ਬਾਦਲ, ਉਸੇ ਸੂਬੇ ਵਿਚ ਗੁਰੂ ਦੀ ਬਾਣੀ ਦੀ ਬੇ-ਅਦਬੀ ਹੋ ਰਹੀ ਹੋਵੇ। ਅਵਤਾਰ ਬਾਣੀ ਵਿਚ ਸਾਡੇ ਗੁਰੂ ਸਾਹਿਬ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ। ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ, ਕਿ ਨਿਰੰਕਾਰੀ ਬਾਬਾ ਆਪ ਉਚੀ ਥਾਂ ਤੇ ਬੈਠੇ ਤੇ ਅਵਤਾਰ ਬਾਣੀ ਦਾ ਆਸਣ ਨੀਵੀਂ ਥਾਂ ਹੋਵੇ। ਅਸੀਂ ਇਹ ਪਖੰਡੀ ਡੇਰਾ ਬੰਦ ਕਰਵਾ ਕੇ ਛੱਡਾਂਗੇ ।

ਨਿਰੰਕਾਰੀ : ਅਸੀਂ ਆਪਣੇ ਇਸ਼ਟ ਨੂੰ ਜਿਸ ਤਰ੍ਹਾਂ ਮਰਜ਼ੀ ਪੂਜੀਏ, ਅਸੀਂ ਆਪਣੇ ਗੁਰੂ ਦਾ ਆਸਨ ਥੱਲੇ ਰੱਖੀਏ ਜਾਂ ਉਤੇ, ਇਹ ਸਿੱਖ ਕੌਣ ਨੇ, ਜਿਹੜੇ ਸਾਡੇ ਤੇ ਹੁਕਮ ਚਲਾਉਣ। ਅਸੀਂ ਇਹਨਾਂ ਦਾ ਹੁਕਮ ਨਹੀਂ ਮੰਨਾਂਗੇ, ਸਿੱਖਾਸ਼ਾਹੀ ਨਹੀਂ ਚਲੇਗੀ।

ਸਿੱਖ : ਪਖੰਡੀ ਡੇਰੇ ਬੰਦ ਕਰੋ, ਨਕਲੀ ਗੁਰੂ ਮੁਰਦਾਬਾਦ

(ਦੋਨੋਂ ਪਾਸੇ ਨਾਅਰੇ ਵੱਜਦੇ ਹਨ)

ਟੈਲੀਵੀਜ਼ਨ : ਪੰਜਾਬ ਵਿਚ ਬਿਲਕੁਲ ਅਮਨ ਤੇ ਸ਼ਾਂਤੀ ਹੈ। ਖਬਰ ਇਹ ਹੈ ਕਿ ਪਠਾਨਕੋਟ ਵਿਚ ਹੋ ਰਹੇ ਨਿਰੰਕਾਰੀ ਸਮਾਗਮ ਦੇ ਵਿਰੋਧ ਵਿਚ ਕੁਝ ਸਿੱਖ ਧਾਰਮਕ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਵਿਖਾਵਾ ਕੀਤਾ ਗਿਆ। ਅਮਨ ਸ਼ਾਂਤੀ ਦਾ ਖਿਆਲ ਰੱਖਦੇ ਹੋਏ, ਸਰਕਾਰ ਵੱਲੋਂ ਇਹ ਸਮਾਗਮ ਬੰਦ ਕਰਵਾ ਦਿਤਾ ਗਿਆ। ਨਿਰੰਕਾਰੀ ਬਾਬਾ ਨੂੰ ਵਾਪਸ ਦਿੱਲੀ ਜਾਣਾ ਪਿਆ—ਸਰਕਾਰ ਨੇ ਬੜੀ ਹੁਸ਼ਿਆਰੀ ਨਾਲ ਸਿੱਖ ਨਿਰੰਕਾਰੀ ਝਗੜੇ ਨੂੰ ਰੋਕ ਦਿਤਾ ਹੈ।

[ਸਟੇਜ ਦੇ ਦੋ ਪਾਸਿਉਂ ਤੋਂ, ਅਖਬਾਰ ਦੇ ਸੰਪਾਦਕ ਆਂਦੇ ਹਨ]

ਲਾਲਾ : ਕੌਣ ਕਹਿੰਦਾ ਝਗੜਾ ਰੁਕ ਗਿਆ, ਅਸੀਂ ਝਗੜਾ ਰੁਕਣ ਦਿੰਨੇ ਆਂ। ਮੈਂ ਹੁਣੇ ਸੰਪਾਦਕੀ ਲਿਖਾਂਗਾ।

(ਸਫੇ ਝਰੀਟਦਾ ਹੈ)

ਦਰਦ : ਲਾਲਾ ਲਿਖ ਸਕਦਾ ਏ ਤਾਂ ਸਾਡੀ ਕਲਮ ਘੱਟ ਏ ?

(ਕਾਹਲੀ ਕਾਹਲੀ ਲਿਖਦਾ ਹੈ)

ਲਾਲਾ : ਸਿੱਖਾਂ ਦਾ ਨਿਰੰਕਾਰੀ ਸਮਾਗਮ ਤੇ ਸ਼ਰਮਨਾਕ ਹਮਲਾ।

ਦਰਦ : ਸਿੱਖ ਆਪਣਾ ਧਰਮ ਬਚਾਉਣ ਲਈ ਮੈਦਾਨ ਵਿਚ ਆ ਗਏ।

ਲਾਲਾ : ਹਿੰਦੁਸਤਾਨ ਵਿਚ ਹਰ ਧਰਮ ਨੂੰ ਆਪਣੇ ਪ੍ਰਚਾਰ ਦੀ ਆਜ਼ਾਦੀ ਹੈ। ਜੇਕਰ ਅਕਾਲੀ ਸਰਕਾਰ ਇਸ ਆਜ਼ਾਦੀ ਦੀ ਗਰੰਟੀ ਨਹੀਂ ਕਰ ਸਕਦੀ ਤਾਂ ਕੁਰਸੀ ਛੱਡ ਦੇਵੇ।

ਦਰਦ : ਆਪਣੇ ਧਰਮ ਦਾ ਪਰਚਾਰ ਦੂਜੇ ਧਰਮ ਦਾ ਨਿਰਾਦਰ ਨਹੀਂ ਹੋ ਸਕਦਾ। ਸਿੱਖਾਂ ਦਾ ਨਿਰੰਕਾਰੀਆਂ ਨੂੰ ਚੈਲਿੰਜ।

ਲਾਲਾ : ਮੁਰਾਰਜੀ ਭਾਈ ਇਹ ਮਾਮਲਾ ਆਪਣੇ ਹੱਥ ਲੈਣ। ਵਿਧਾਨ ਦੀ ਇਹ ਉਲੰਘਣਾ ਬਰਦਾਸ਼ਤ ਨਹੀਂ ਹੋ ਸਕਦੀ।

ਦਰਦ : ਵਿਧਾਨ ਸਾਨੂੰ ਇਹ ਇਜਾਜ਼ਤ ਨਹੀਂ ਦੇਂਦਾ ਕਿ ਅਸੀਂ ਦੂਜੇ ਧਰਮਾਂ ਦੇ ਲੋਕਾਂ ਦੇ ਜਜ਼ਬਾਤਾਂ ਨੂੰ ਸੱਟ ਮਾਰੀਏ।

ਟੈਲੀਵੀਜ਼ਨ : ਖਬਰ ਹੈ ਕਿ ਯੂਨੀਵਰਸਿਟੀਆਂ ਦੇ ਕੁਝ ਬੁੱਧੀਜੀਵੀਆਂ ਨੇ ਸਿੱਖ ਨਿਰੰਕਾਰੀ ਝਗੜੇ ਨੂੰ ਮੁਕਾਉਣ ਲਈ ਇਹ ਸੁਝਾਅ ਦਿੱਤਾ ਹੈ ਕਿ ਨਿਰੰਕਾਰੀ ਆਪਣੀ ਪਵਿੱਤਰ ਪੁਸਤਕ ਅਵਤਾਰ ਬਾਣੀ ਵਿਚ ਉਹ ਬਾਣੀ ਨਾ ਦਰਜ ਕਰਨ ਜੋ ਸਿੱਖ ਗੁਰੂਆਂ ਦੇ ਨਾਮ ਨਾਲ ਜਾਣੀ ਜਾਂਦੀ ਹੈ ਨਿਰੰਕਾਰੀਆਂ ਦੇ ਕੁਝ ਆਗੂ ਇਹ ਮੰਗ ਮੰਨਣ ਲਈ ਤਿਆਰ ਹਨ—ਤਾਂ ਜੋ ਇਹ ਝਗੜਾ ਮੁੱਕ ਜਾਏ।

ਲਾਲਾ : ਇਹ ਝਗੜਾ ਇਸ ਤਰ੍ਹਾਂ ਮੁੱਕ ਨਹੀਂ ਸਕਦਾ ਜ਼ਬਰਦਸਤੀ ਅੱਗੇ ਗੋਡੇ ਟੇਕੇ ਨਹੀਂ ਜਾ ਸਕਦੇ।

ਦਰਦ : ਜਿੱਤ ਹਮੇਸ਼ਾਂ ਸੱਚ ਦੀ ਹੋਵੇਗੀ।

ਟੈਲੀਵੀਜ਼ਨ : 6 ਫਰਵਰੀ 1978 ਵਿਚ ਇਕ ਬਹੁਤ ਵੱਡਾ ਨਿਰੰਕਾਰੀ ਸਮਾਗਮ ਨਵੀਂ ਦਿੱਲੀ ਹੋਇਆ। ਹਾਜ਼ਰੀ ਰੀਕਾਰਡ ਤੋੜ ਸੀ। ਨਿਰੰਕਾਰੀ ਗੁਰੂ ਦਾ ਐਲਾਨ ਅਗਲਾ ਸਮਾਗਮ ਵਿਸਾਖੀ ਵਾਲੇ ਦਿਨ ਅਮ੍ਰਿਤਸਰ ਸ਼ਹਿਰ ਦੇ ਗੋਬਿੰਦਗੜ੍ਹ ਦੇ ਮੈਦਾਨ ਵਿਚ ਹੋਵੇਗਾ।

ਦਰਦ : ਸਿੱਖਾਂ ਦੀ ਅਣਖ ਨੂੰ ਚੈਲਿੰਜ—

ਲਾਲਾ : ਭਾਰਤ ਦੀ ਜਮਹੂਰੀਅਤ ਦੀ ਪਰਖ

ਟੈਲੀਵੀਜ਼ਨ : ਅਮ੍ਰਿਤਸਰ ਸ਼ਹਿਰ ਵਿਚ ਤਨਾਅ ਵਧ ਰਿਹਾ ਹੈ। ਪੁਲਸ ਅਤੇ ਸਕਿਉਰਿਟੀ ਫੋਰਸ ਦੀ ਚੌਕਸੀ ਵਧਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਮੁਰਾਰ ਜੀ ਡੀਸਾਈ ਨੇ ਨਿਰੰਕਾਰੀ ਵੱਫਦ ਨੂੰ ਵਿਸ਼ਵਾਸ ਦਵਾਇਆ ਹੈ ਕਿ ਉਹਨਾਂ ਨੂੰ ਸਮਾਗਮ ਕਰਨ ਲਈ ਪੂਰੀ ਰਖਵਾਲੀ ਦਿੱਤੀ ਜਾਏਗੀ—

ਸਿੱਖ : ਖਾਲਸਾ ਜੀ, ਇਹ ਨਿਰੰਕਾਰੀ ਸਮਾਗਮ ਸਾਡੇ ਲਈ ਚਣੌਤੀ ਹੈ (ਕ੍ਰਿਪਾਨ ਕੱਢ ਕੇ) ਅਸੀਂ ਇਸ ਸਮਾਗਮ ਦੇ ਵਿਰੁੱਧ ਪੁਰਅਮਨ ਵਿਖਾਵਾ ਕਰਾਂਗੇ।

ਨਿਰੰਕਾਰੀ : ਨਿਰੰਕਾਰੀ ਵੀਰੋ ਸਮਾਗਮ ਤੇ ਹੁੰਮ ਹੁੰਮਾ ਕੇ ਆਉ। ਸਾਡੇ ਵਲੰਟੀਅਰ ਬੰਦੂਕਾਂ ਨਾਲ ਲੈਸ ਹੋਣਗੇ ਤੇ ਪੁਰਅਮਨ ਤਰੀਕੇ ਨਾਲ ਸਮਾਗਮ ਦੀ ਪਹਿਰੇਦਾਰੀ ਕਰਨਗੇ।

ਟੈਲੀਵੀਜ਼ਨ : ਪੁਰ ਅਮਨ ਨਿਰੰਕਾਰੀ ਸਮਾਗਮ ਵਿਰੁਧ ਪੁਰ ਅਮਨ ਵਿਖਾਵਾ ਹੋਇਆ। ਪੁਰਅਮਨ ਤਰੀਕੇ ਨਾਲ ਵਿਖਾਵਾਕਾਰੀਆਂ ਉੱਤੇ ਗੋਲੀਆਂ ਚਲਾਈਆਂ ਗਈਆਂ। ਪੁਰ ਅਮਨ ਤਰੀਕੇ ਨਾਲ 16 ਬੰਦੇ ਸ਼ਾਂਤ ਸਿਰ ਮਰ ਗਏ। ਪੁਰਅਮਨ 84 ਜ਼ਖ਼ਮੀ ਹੋਏ। ਸਾਡੇ ਸੂਬੇ ਵਿਚ ਪੂਰ ਅਮਨ ਵਾਲਾ ਅਮਨੋ-ਅਮਾਨ ਹੈ।

ਨਾਟਕਕਾਰ—ਇਹ ਨਾਟਕ ਦਾ ਪਹਿਲਾ ਭਾਗ ਸੀ

ਸੰਤਾਪ ਜੋ ਅਸੀਂ ਅਗੇ ਭੋਗਿਆ
ਉਹਦੀ ਆਵਾਜ਼ ਸੀ।
ਸਮੇਂ ਦੀ ਤੇਜ਼ ਰਫਤਾਰ ਸੀ
ਬੀਬੀ ਦਾ ਮੁੜਕੇ ਰਾਜ ਸੀ

ਅਕਾਲੀ ਖੜੇ ਹੈਰਾਨ ਸੀ
ਦਰਬਾਰਾ ਸਿਉਂ ਦੇ ਸਿਰ ਤੇ ਤਾਜ ਸੀ
ਸਾਲ ਤੇ ਲੰਘਿਆ ਸਾਲ ਸੀ
ਬਾਬਾ ਗੁਰਬਚਨ ਸਿੰਘ,
ਲਾਲਾ ਜਗਤ ਨਰਾਇਣ ਕਾਤਲਾਂ ਦੇ ਹਥੋਂ
ਲੈ ਗਏ ਆਖਰੀ ਸਵਾਸ ਸੀ
ਭਿੰਡਰਾਂ ਵਾਲੇ ਦੀ ਚੜ੍ਹਤ ਖਾਸ ਸੀ
ਸਰਕਾਰ ਦੀ ਉਸਨੂੰ ਅਸ਼ੀਰਵਾਦ ਸੀ
ਅਕਾਲੀਆਂ ਦੀ ਵੀ ਉਹਦੇ ਨਾਲ ਸਾਂਝ ਸੀ
ਏਸੇ ਲਈ ਡੇਰਾ ਉਹਦਾ ਗੁਰੂ ਨਾਨਕ ਨਿਵਾਸ ਸੀ।

[3 ਅਕਾਲੀ ਨੀਲੀਆਂ ਪੱਗਾਂ ਵਾਲੇ ਸਟੇਜ ਤੇ ਆਉਂਦੇ ਹਨ ਉਹ ਕੁਝ ਵਾਦ-ਵਿਵਾਦ ਕਰਦੇ ਆ ਰਹੇ ਹਨ]

ਇਕ : ਦੇਖੋ ਸਿੰਘ ਜੀ, ਅਸੀਂ ਬਸ ਕਿਰਾਇਆ ਘੋਲ ਚਲਾਇਆ। ਸਫਲ ਨਹੀਂ ਹੋਏ ਨਹਿਰ ਰੋਕ ਮੋਰਚਾ ਚਲਾਇਆ ਸਫ਼ਲ ਨਹੀਂ ਹੋਏ। ਕਿਉਂਕਿ ਇਹ ਮੋਰਚਾ ਆਰਥਿਕ ਮੰਗਾਂ ਲਈ ਸੀ ਤੇ ਆਰਥਿਕ ਮੰਗਾਂ ਲਈ ਲੜਨਾ ਸਾਡੇ ਵੱਸ ਦਾ ਰੋਗ ਨਹੀਂ—

ਦੋ : ਸਾਡੀ ਹੁਣ ਤਕ ਦੀ ਹਰ ਲੜਾਈ ਦਾ ਅਧਾਰ ਧਰਮ ਰਿਹਾ ਹੈ। ਇਸ ਲਈ ਸਾਡੇ ਲਈ ਵੀ ਇਹੀ ਚੰਗਾ ਹੈ ਕਿ ਅਸੀਂ ਜਿਹੜਾ ਵੀ ਯੁੱਧ ਲੜੀਏ ਉਹ ਧਰਮ ਯੁੱਧ ਹੋਵੇ।

ਤਿੰਨ : ਤੇ ਧਰਮ ਯੁਧ ਅਨੰਦਪੁਰ ਸਾਹਿਬ ਦੇ ਰੇਜ਼ੂਲੇਸ਼ਨ ਤੇ ਹੀ ਲੜਿਆ ਜਾ ਸਕਦੈ।

ਦੋ : ਅਨੰਦਪੁਰ ਰੇਜ਼ੂਲੇਸ਼ਨ ਤੇ ਪੰਥ ਦੀ ਏਕਤਾ ਵੀ ਹੋ ਸਕਦੀ ਹੈ।

ਇਕ : ਸੋ ਅੱਜ ਤੋਂ ਬਾਅਦ ਸਾਡਾ ਮੋਰਚਾ ਧਰਮ ਯੁੱਧ ਦੀ ਸ਼ਕਲ ਇਖਤਿਆਰ ਕਰੇਗਾ।

ਤਿੰਨ : ਤੇ ਇਸ ਮੋਰਚੇ ਦੇ ਡਿਕਟੇਟਰ ਹੋਣਗੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦਾ ਅਸੀਂ ਸਹਿਯੋਗ ਲਵਾਂਗੇ।

ਦੋ : ਸੋ ਤੁਸੀਂ ਸਾਡੇ ਇਸ ਮਤੇ ਦੀ ਪਰਵਾਨਗੀ ਦੇਵੋ।

ਤਿੰਨ : ਬੋਲੇ ਸੋ ਨਿਹਾਲ—ਬਾਕੀ ਸਤਿ ਸ੍ਰੀ ਅਕਾਲ

[ਸੰਗੀਤ ਦੀ ਲੈਅ ਵਿਚ ਇਕ ਪਾਸੇ ਜਾਂਦੇ ਹਨ ਤੇ ਦੂਜੇ ਪਾਸੇ ਚਿਟੇ ਖਦਰ ਵਿਚ ਕਾਂਗਰਸੀ ਦਾਖਲ ਹੁੰਦੇ ਹਨ]

1. ਅਕਾਲੀਆਂ ਨੇ ਧਰਮਯੁੱਧ ਛੇੜ ਲਿਆ ਹੈ ਉਹ ਧੜਾ-ਧੜ ਗਿਰਫਤਾਰੀਆਂ ਦੇ ਰਹੇ ਹਨ।
2. ਜੇਲਾਂ ਭਰ ਗਈਆਂ ਨੇ।
1. ਸਾਡੀ ਗੱਦੀ ਨੂੰ ਖਤਰਾ ਹੈ। ਕੁਝ ਸੋਚੋ।

ਆਗੂ : ਮੈਂ ਸੋਚ ਲਿਆ ਹੈ।

ਬਾਕੀ : ਕੀ

ਆਗੂ : ਪੰਜਾਬ ਵਿਚ ਪਹਿਲੇ ਗੜਬੜ ਹੋਣੀ ਚਾਹੀਦੀ ਹੈ ਤੇ ਫੇਰ ਉਹਦਾ ਕੰਟਰੋਲ ਹੋਣਾ ਚਾਹੀਦਾ ਹੈ ਗੜਬੜ ਦਾ ਜ਼ਿਮਾ ਅਕਾਲੀਆਂ ਉਤੇ ਲੱਗਣਾ ਚਾਹੀਦਾ ਹੈ। ਤਾਂ ਜੋ ਜਿਹੜੇ ਵਿਚੋਲੇ ਕੇਂਦਰ ਅਤੇ ਅਕਾਲੀਆਂ ਵਿਚ ਸੁਲਾਹ ਕਰਵਾ ਰਹੇ ਹਨ, ਉਹਨਾਂ ਦਾ ਮਿਸ਼ਨ ਨਾਕਾਮ ਯਾਬ ਹੋਵੇ। ਅਸੀਂ ਬੀਬੀ ਨੂੰ ਇਹ ਅਹਿਸਾਸ ਕਰਵਾਈਏ ਕਿ ਅਕਾਲੀਆਂ ਨਾਲ ਸਮੱਝੌਤਾ ਗੜਬੜ ਨੂੰ ਸ਼ਹਿ ਦੇਣਾ ਹੈ। ਸਾਡਾ ਦੁਸ਼ਮਣ ਗਿਆਨੀ ਬੀਬੀ ਕੁੱਛੜ ਬਹਿਕੇ ਸਾਡੇ ਖਿਲਾਫ ਸਾਜ਼ਸ਼ ਕਰ ਰਿਹਾ ਹੈ, ਪਰ ਅਸੀਂ ਇਹ ਸਾਜ਼ਸ਼ਾਂ ਨਾਕਾਮ ਕਰ ਦਿਆਂਗੇ।

ਤਿੰਨ : ਪਰ ਅਸੀਂ ਇਹ ਗੜਬੜ ਕਰਵਾਵਾਂਗੇ ਕਿਸ ਤਰ੍ਹਾਂ।

ਆਗੂ : ਸੰਤ ਭਿੰਡਰਾਂ ਵਾਲਾ ਦਾ ਸਹਿਯੋਗ ਲਵੋ ਤੇ ਤੁਸੀਂ ਲਾਲਾ ਕਰਮ ਚੰਦ ਜੀ, ਧਵਨ ਕੁਮਾਰ ਪਟਿਆਲੇ ਨੂੰ ਗਰਮ ਕਰੋ, ਵਰਿੰਦਰ ਕੁਮਾਰ ਬਾਗੜ ਨੂੰ ਅੰਮ੍ਰਿਤ-ਸਰ ਵਿਚ ਧੂੰਆਂਧਾਰ ਬਿਆਨ ਦੇਣ ਲਈ ਕਵੋ। ਪੈਸਾ ਉਹਨਾਂ ਨੂੰ ਦੇਵੋ। ਉਹ ਪ੍ਰੈਸ ਪਾਰਟੀਆਂ ਬੁਲਾਉਣ ਤੇ ਹਰ ਦੂਜੇ ਦਿਨ ਉਹਨਾਂ ਦਾ ਬਿਆਨ ਪ੍ਰੈਸ ਵਿਚ ਆਏ। ਮੈਂ ਆਈ. ਜੀ. ਪੁਲਸ ਨੂੰ ਹਦੈਤਾਂ ਦੇਂਦਾ ਹਾਂ ਕਿ ਉਹ ਕੇਸਾਧਾਰੀਆਂ ਦੇ ਪੁਲਸ ਮੁਕਾਬਲੇ ਬਣਾਏ।

ਦੋ : ਹਾਂਜੀ ਕੇਸਾਧਾਰੀ ਜਦੋਂ ਪੁਲਸ ਮੁਕਾਬਲੇ ਵਿਚ ਮਰਨਗੇ ਤਾਂ ਸੰਤ ਭਿੰਡਰਾਂਵਾਲਾ ਦੇ ਬਿਆਨ ਵਿਚ ਹੋਰ ਗਰਮੀ ਆਏਗੀ। ਉਹ ਕਹੇਗਾ ਕਿ ਬਾਹਮਣੀ ਦੇ ਰਾਜ ਵਿਚ ਸਿੱਖ ਨੌਜਵਾਨਾਂ ਦਾ ਕਤਲੇਆਮ ਹੋ ਰਿਹਾ ਹੈ। ਹਿੰਦੂ ਅਤੇ ਸਿਖ ਨਫਰਤ ਵਧੇਗੀ। ਇਹੋ ਸਾਡੀ ਜਿਤ ਹੋਵੇਗੀ।

ਇਕ : ਤੇ ਨਾਲੇ ਪੁਲਸ ਨੂੰ ਹਦੈਤ ਕਰ ਦੇਵੋ ਕਿ ਇੱਕਾ ਦੁਕਾਂ ਨਿਰੰਕਾਰੀ ਕਤਲਾਂ ਵਿਚ ਦਖਲ ਨਾ ਹੋਵੇ। ਕਾਤਲਾਂ ਨੂੰ ਇਹ ਸਹੂਲਤ ਹੋਵੇ ਕਿ ਉਹ ਚੁੱਪਚਾਪ ਦਰਬਾਰ ਸਾਹਿਬ ਕੰਪਲੈਕਸ ਵਿਚ ਪਨਾਹ ਲੈ ਲੈਣ।

ਦੋ : ਹਾਂ ਅਸੀਂ ਇਸੇ ਪਲੈਨ ਤੇ ਕੰਮ ਕਰਾਂਗੇ। ਸਿੱਖਾਂ ਨੇ ਸਾਨੂੰ ਵੋਟ ਦੇਣੀ ਨਹੀਂ, ਹਿੰਦੂਆਂ ਦੀ ਅਸੀਂ ਗਵਾਣੀ ਨਹੀਂ। ਬੈਲੈਂਸ ਹਰੀਜਨ ਵੋਟ ਹਨ। ਉਹ ਗਾਂਧੀ ਜੀ ਸਾਡੇ ਲਈ ਰੀਜ਼ਰਵ ਕਰ ਗਏ ਹਨ। ਬਾਕੀ ਸਰਕਾਰੀ ਬੈਂਕਾਂ ਤੋਂ ਕਰਜ਼ੇ ਤੇ ਮੱਦਦ ਉਹਨਾਂ ਨੂੰ ਸਾਡੇ ਤੋਂ ਬਾਹਰ ਨਹੀਂ ਜਾਣ ਦੇਣਗੇ।

[ਹੀ-ਹੀ-ਹੀ ਕਰਦੇ ਜਾਂਦੇ ਹਨ]

ਨਾਟਕਕਾਰ : (ਸਟੇਜ ਤੇ ਆ ਕੇ)

ਸਮਾਂ ਇਸ ਤਰ੍ਹਾਂ ਲੰਘਦਾ ਗਿਆ
ਸੱਪ ਨਫਰਤ ਦਾ ਸਾਨੂੰ ਡੰਗਦਾ ਗਿਆ
ਕੁਰਸੀ ਤੇ ਧਰਮ ਦਾ ਯੁੱਧ ਵੱਧਦਾ ਗਿਆ
ਤੇ ਆਮ ਆਦਮੀ ਹਵਾ ਵਿਚ ਲਟਕਦਾ ਰਿਹਾ
ਨੰਗ ਤੇ ਭੁੱਖ ਵੱਧਦੀ ਗਈ
ਫਸਲ ਕਿਸਾਨ ਦੀ ਮੰਡੀਆਂ ਵਿਚ ਰੁਲਦੀ ਰਹੀ
ਪਰ ਕੌਣ ਸੀ ਜੋ ਏਧਰ ਸੋਚੇ
ਲੋਕਾਂ ਦਾ ਭਲਾ ਜੋ ਲੋਚੇ
ਸੱਪ ਨਫਰਤ ਦਾ ਸਾਨੂੰ ਡਸਦਾ ਰਿਹਾ
ਜਨੂੰਨ ਧਰਮ ਦਾ ਵਧਨਾ ਸੀ ਵੱਧਦਾ ਹੀ ਰਿਹਾ
ਵਿਚੋਂ ਵਿਚ ਉਠੇ ਲੋਕਾਂ ਦੇ ਜਾਏ
ਧਰਮਾਂ ਦੇ ਡੰਗ ਤੋਂ ਜੋ ਸਨ ਬਰੀ
ਉਹਨਾਂ ਆਵਾਜ਼ ਉਠਾਈ
ਜੋ ਸੀ ਸੁਚੀ ਤੇ ਖਰੀ ।
ਦੋਵਰਕੀਆ, ਚਹੁਵਰਕੀਆ ਮੈਗਜ਼ੀਨਾਂ ਵਿਚ
ਉਹਨਾਂ ਸੀ ਲਿਖਿਆ
ਉਹ ਸੱਚ ਜੋ ਉਹਨਾਂ ਜਮਾਤੀ
ਜੰਗ ਵਿਚੋਂ ਸੀ ਸਿਖਿਆ
ਲੋਕੋ ਇਹ ਲੜਾਈ ਵੱਡਿਆਂ ਦੀ
ਨਿਕਿਆਂ ਨੇ ਹੈ ਲੁੱਟਿਆ ਜਾਣਾ
ਵੱਡਿਆਂ ਦੇ ਮਹਿਲਾਂ ਵਸਦੇ ਰਹਿਣਾ
ਨਿੱਕਿਆਂ ਘਰੋਂ ਹੈ ਪੁੱਟਿਆ ਜਾਣਾ
ਪਰ ਕੌਣ ਸੁਣਦਾ ਇਹ ਆਵਾਜ਼
ਨਫਰਤ ਦਾ ਵੱਜਦਾ ਹਰ ਥਾਂ ਸਾਜ਼
ਦਹਿਸ਼ਤ ਦਾ ਚਲਦਾ ਸੀ ਰਾਜ
ਭਿੰਡਰਾਂ ਵਾਲੇ ਦਾ ਵੱਜਦਾ ਸੀ ਨਾਮ
ਭਿੰਡਰਾਂ ਵਾਲਾ ਲੋਕਾਂ ਦਾ ਦੁਸ਼ਮਣ,
ਇਕ ਪਾਸੇ ਤੋਂ ਇਹ ਆਵਾਜ਼
ਦੂਜਾ ਪਾਸਾ ਉਚੀ ਕੂਕੇ, ਭਿੰਡਰਾਂ ਵਾਲਾ ਜ਼ਿੰਦਾਬਾਦ
ਕੋਈ ਆਖੇ ਉਹ ਬੋਤਲ ਦਾ ਭੂਤ
ਕੋਈ ਆਖੇ ਉਹ ਗੁਰੂ ਯਾਰਵੇਂ ਦਾ ਸਰੂਪ
ਕੋਈ ਆਖੇ ਉਹ ਮੌਤ ਦਾ ਵਣਜਾਰਾ
ਕੋਈ ਆਖੇ ਰੱਬ ਦਾ ਦੂਤ
ਹਰ ਚੌਂਕ ਤੇ ਭਿੰਡਰਾਂ ਵਾਲਾ
ਹਰ ਸੜਕ ਤੇ ਭਿੰਡਰਾਂ ਵਾਲਾ
ਹਰ ਮੋੜ ਤੇ ਭਿੰਡਰਾਂ ਵਾਲਾ
ਹਰ ਖੇਤ ਵਿਚ ਭਿੰਡਰਾਂ ਵਾਲਾ
ਹਰ ਟੇਪ ਵਿਚ ਭਿੰਡਰਾਂ ਵਾਲਾ
ਤੇ
ਸਮੇਂ ਕਾ ਚੱਕਰ ਪੂਰਾ ਚਲਿਆ
ਜੂਨ ਚਰਾਸੀ ਬੂਹੇ ਆ ਵੜਿਆ

[ਨਾਟਕਕਾਰ ਪਿੱਛੇ ਹੁੰਦਾ ਹੈ। ਸਟੇਜ ਦੇ ਕਲਾਕਾਰ ਦ ਟੈਲੀਵੀਜ਼ਨ ਬਣਾ ਲੈਂਦੇ ਹਨ ਤੇ ਘਟਨਾਵਾਂ ਦਾ ਚੱਕਰ ਖਬਰਾਂ ਦੇ ਰੂਪ ਵਿਚ ਚਲਦਾ ਹੈ]

ਇਕ : ਇਕ ਅਹਿਮ ਐਲਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕੌਮ ਨੂੰ ਮੁਖਾਤਿਬ ਕੀਤਾ । ਉਨ੍ਹਾਂ ਕਿਹਾ : ਪੰਜਾਬ ਵਿਚ ਅਤਿਵਾਦੀ ਸਾਡੇ ਲਈ ਇਕ ਮਸਲਾ ਬਣ ਗਏ ਹਨ । ਇਹ ਭਾਰਤ ਦੀ ਜਮਹੂਰੀਅਤ ਨੂੰ ਇਕ ਚੈਲਿੰਜ ਹਨ । ਮੰਗਾਂ ਬਾਰੇ ਟੇਬਲ ਤੇ ਗੱਲਬਾਤ ਹੋ ਸਕਦੀ ਹੈ, ਪਰ ਤਸ਼ੱਦਦ ਅਤੇ ਅਤਿਵਾਦ ਅੱਗੇ ਅਸੀਂ ਕਦੀ ਵੀ ਨਹੀਂ ਝੁਕਾਂਗੇ

ਦੋ : ਪੰਜਾਬ ਪੂਰੀ ਤਰ੍ਹਾਂ ਫੌਜ ਦੇ ਹਵਾਲੇ ਕਰ ਦਿੱਤਾ ਗਿਆ ।

ਇਕ : ਪ੍ਰਧਾਨ ਮੰਤਰੀ ਦਾ ਐਲਾਨ : ਫੌਜ ਹਰਿਮੰਦਰ ਸਾਹਿਬ ਵਿਚ ਦਾਖਲ ਨਹੀਂ ਹੋਏਗੀ ।

ਦੋ : ਫੌਜ ਨੇ ਹਰਿਮੰਦਰ ਸਾਹਿਬ ਦੇ ਕੰਪਲੈਕਸ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ ਹੈ ।

ਇਕ : ਫੌਜ ਨੇ ਐਲਾਨ ਕੀਤਾ ਹੈ ਕਿ ਜੋ ਵੀ ਵਿਅਕਤੀ ਹਰਿਮੰਦਰ ਸਾਹਿਬ ਤੋਂ ਬਾਹਰ ਆਏਗਾ, ਉਸਨੂੰ ਪੂਰੀ ਰਾਖੀ ਦਿੱਤੀ ਜਾਏਗੀ ।

ਦੋ : ਭਿੰਡਰਾਂ ਵਾਲਾ ਅਤੇ ਉਹਦੇ ਸਾਥੀਆਂ ਨੇ ਹਰਿਮੰਦਰ ਸਾਹਿਬ ਤੋਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ ਹੈ ਤੇ ਫੌਜ ਦੇ ਅਲਟੀਮੇਟਮ ਦਾ ਜਵਾਬ ਤੋਪਾਂ ਦੇ ਗੋਲਿਆਂ ਨਾਲ ਦਿੱਤਾ ਹੈ ।

ਇਕ : ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਭਿਆਨਕ ਜੰਗ ਛਿੜ ਗਈ ਹੈ ।

ਦੋ : ਸੰਤ ਲੌਂਗੋਵਾਲ ਤੇ ਉਹਦੇ ਸਾਥੀਆਂ ਨੂੰ ਹਿਫਾਜ਼ਤ ਨਾਲ ਬਾਹਰ ਲੈ ਆਂਦਾ ਗਿਆ ਹੈ ।

ਇਕ : ਸੰਤ ਲੌਂਗੋਵਾਲ ਤੇ ਗੁਰਚਰਨ ਸਿੰਘ ਟੌਹੜਾ ਨੂੰ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਪੰਜਾਬ ਤੋਂ ਬਾਹਰ ਭੇਜ ਦਿਤਾ ਗਿਆ ਹੈ। ਦਰਬਾਰ ਸਾਹਿਬ ਵਿਚ ਅਤਿਵਾਦੀਆਂ ਅਤੇ ਫੌਜ ਦਾ ਸਖਤ ਮੁਕਾਬਲਾ ਹੋ ਰਿਹਾ ਹੈ ।

ਦ : ਦਰਬਾਰ ਸਾਹਿਬ ਵਿਚ ਅਤਿਵਾਦੀਆਂ ਦਾ ਫੌਜ ਨਾਲ ਮੁਕਾਬਲਾ ਖਤਮ ਹੋ ਗਿਆ ਹੈ ।

ਇਕ : ਜਰਨੈਲ ਸਿੰਘ ਭਿੰਡਰਾਂ ਵਾਲਾ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਇਸ ਐਕਸ਼ਨ ਵਿਚ ਮਾਰੇ ਗਏ ਹਨ—ਉਹਨਾਂ ਦੇ ਮ੍ਰਿਤਕ ਸਰੀਰਾਂ ਦਾ ਸੰਸਕਾਰ ਕਰ ਦਿਤਾ ਗਿਆ ਹੈ ।

ਦੋ : ਗਿਆਨੀ ਜ਼ੈਲ ਸਿੰਘ ਨੇ ਹਰਮੰਦਰ ਸਾਹਿਬ ਦਾ ਦੌਰਾ ਕੀਤਾ ਹੈ । ਸਵਰਨ ਮੰਦਰ ਬਿਲਕੁਲ ਠੀਕ-ਠਾਕ ਹੈ ।

ਇਕ : ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਦਾ

ਬਿਆਨ ਕੌਠਾ ਸਾਹਿਬ ਠੀਕ-ਠਾਕ ਹੈ ।

ਦੋ: ਹਰਿਮੰਦਰ ਸਾਹਿਬ ਕੰਮਪਲੈਕਸ ਵਿਚੋਂ ਭਾਰੀ ਗਿਣਤੀ ਵਿਚ ਹਥਿਆਰ ਲਭੇ ।

ਇਕ : ਇਕ ਅਹਿਮ ਐਲਾਨ-ਰਾਸ਼ਟਰਪਤੀ ਗਿ: ਜ਼ੈਲ ਸਿੰਘ ਕੌਮ ਦੇ ਨਾਂ ਸੰਦੇਸ਼ ਦੇਣਗੇ ।

ਗਿ: ਜ਼ੈਲ ਸਿੰਘ : ਦੇਸ਼ ਵਾਸੀਉ ਤੇ ਮੇਰੇ ਸਿਖ ਭਰਾਓ, ਮੈਨੂੰ ਪਤਾ ਹੈ ਕਿ ਹਰਿਮੰਦਰ ਸਾਹਿਬ ਤੇ ਫੌਜੀ ਐਕਸ਼ਨ ਦੇ ਕਾਰਨ ਸੰਸਾਰ ਭਰ ਦੇ ਸਿਖਾਂ ਦੇ ਦਿਲਾਂ ਨੂੰ ਬੜੀ ਠੇਸ ਲਗੀ ਹੈ । ਮੈਨੂੰ ਵੀ ਲਗੀ ਹੈ । ਮੈਂ ਤੁਹਾਡੇ ਵਿਚੋਂ ਹਾਂ । ਪਰ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਦੁੱਖ ਭਰਿਆ ਫੈਸਲਾ ਬੜੇ ਦੁਖ ਨਾਲ ਲੈਣਾ ਪਿਆ । ਮੈਂ ਆਪਣੀ ਸਰਕਾਰ ਨੂੰ ਹੁੱਕਮ ਦਿੱਤਾ ਹੈ ਕਿ ਹਰਿ-ਮੰਦਰ ਸਾਹਿਬ ਜਿੰਨੀਂ ਜਲਦੀ ਤੋਂ ਜਲਦੀਨਾਲ ਢਾਇਆ ਗਿਆ ਹੈ, ਉਨੀ ਹੀ ਜਲਦੀ ਤੋਂ ਜਲਦੀ ਮੁਰੰਮਤ ਕੀਤੀ ਜਾਵੇ, ਤਾਂਕਿ ਇਹ ਪਵਿੱਤਰ ਮੰਦਰ ਲੋਕਾਂ ਲਈ ਜਲਦੀ ਤੋਂ ਜਲਦੀ ਖੋਲ੍ਹਿਆ ਜਾ ਸਕੇ । ਜੈ ਹਿੰਦ ।

ਨਾਟਕਕਾਰ : ਇਹ ਨਾਟਕ ਦਾ ਦੂਜਾ ਭਾਗ ਸੀ
ਸੰਤਾਪ ਜੋ ਅਸੀਂ ਭੋਗਿਆ ਉਹਦਾ ਹਾਲ ਸੀ,
ਸਮੇਂ ਦੀ ਤੇਜ਼ ਰਫਤਾਰ ਸੀ
ਹੁਣ ਪੰਜਾਬ 'ਚ ਮਿਲਟਰੀ ਰਾਜ ਸੀ
ਤੇ ਪੁਲਸ-ਹੋਈ ਬੇ-ਲਗਾਮ ਸੀ

[ਇਕ ਪਾਸੇ ਤੋਂ ਇਕ ਪੁਲਸ ਦਾ ਥਾਣੇਦਾਰ ਅਤੇ ਸਿਪਾਹੀ ਆ ਕੇ ਖਲੋਂਦੇ ਹਨ, ਦੂਜੇ ਪਾਸੇ ਤੋਂ ਮਿਲਟਰੀ ਅਫਸਰ ਅਤੇ ਇਕ ਸਿਪਾਹੀ ਆਂਦੇ ਹਨ ।]

ਮਿਲ. ਅਫ. : ਜਵਾਨੋਂ ਅਸੀਂ ਉਪਰੇਸ਼ਨ ਬਲਿਊ ਸਟਾਰ ਦਾ ਹੁਣ ਅਗਲਾ ਪੜਾਅ ਸ਼ੁਰੂ ਕਰਨਾ ਹੈ ਅਤੇ ਉਹ ਹੈ ਅਪ੍ਰੇਸ਼ਨ ਸਫਾਈ ਜਿਸ ਪਿੰਡ ਵਿਚ ਇਕ ਵੀ ਅਦਿਵਾਦੀ ਹੋਵੇ ਸਮਝ ਲਵੋ ਸਾਰਾ ਪਿੰਡ ਅਤਿਵਾਦੀ ਹੈ । ਉਹਦੇ 11 ਤੋਂ 22 ਸਾਲ ਦੇ ਸਾਰੇ ਨੌਜੁਆਨਾਂ ਨੂੰ ਪਿੰਡੋਂ ਬਾਹਰ ਇਕ ਥਾਂ ਇਕੱਠੇ ਕਰੋ । ਉਹਨਾਂ ਨੂੰ ਸਾਰਾ ਦਿਨ ਧੁਪੇ ਖੜਾ ਕਰੋ—ਉਹਨਾਂ ਦੀ ਦ੍ਰਿੜਤਾ ਖਤਮ ਕਰੋ । ਬਾਦਸ਼ਾਹੀਆਂ ਦਾ ਪੁਰਾਣਾ ਅਸੂਲ ਹੈ, ਕਿ ਜਿਸ ਧਰਤੀ ਤੋਂ ਬਗਾਵਤ ਉਠੇ ਉਸ ਧਰਤੀ ਨੂੰ ਕੁੱਚਲ ਦੇਵੋ ।

ਥਾਣੇਦਾਰ (ਸਿਪਾਹੀ ਨੂੰ) ਦੋ ਸਾਲ ਅਸੀਂ ਹੱਥ ਬੰਨ੍ਹ ਕੇ ਬੈਠੇ ਰਹੇ । ਇਹਦੇ ਨਾਲ ਸਾਡੇ ਵਕਾਰ ਨੂੰ ਬੜੀ ਸੱਟ ਵਜੀ ਹੈ । ਅਸੀਂ ਉਸ ਵਕਾਰ ਨੂੰ ਕਾਇਮ ਕਰਨਾ ਹੈ । ਤੁਸੀਂ ਮੇਰਾ ਇਸ਼ਾਰਾ ਸਮਝਦੇ ਹੀ ਹੋਵੋਗੇ ।

ਟੀ. ਵੀ. : ਖਬਰਾਂ ਵਿਚੋਂ ਖਬਰ ਇਹ ਹੈ ਕਿ ਪੰਜਾਬ ਵਿਚ ਅਮਨ-ਅਮਾਨ ਹੈ । ਲੋਕ ਪਸ਼ੂਆਂ ਨੂੰ ਪਾਣੀ ਵੀ ਪਿਆਂਦੇ ਹਨ, ਪੱਠੇ ਵੀ ਪਾਂਦੇ ਹਨ ਤੇ ਦੁਧ ਵੀ ਚੋਂਦੇ ਹਨ ਤੇ ਇਹ ਦੁਧ ਬਾਕਾਇਦਾ ਸ਼ਹਿਰ ਵਿਚ ਪੁੱਜ ਰਿਹਾ ਹੈ ।

ਮਿ. ਅ. : ਜਵਾਨੋ, ਪੰਜਾਬ ਬਾਰਡਰ ਸਟੇਟ ਹੈ । ਪਾਕਿ-ਸਤਾਨ ਵਲੋਂ ਕਿਸੇ ਵੇਲੇ ਵੀ ਹਮਲਾ ਹੋ ਸਕਦਾ ਹੈ । ਇਸ ਲਈ ਬਾਰਡਰ ਦੇ ਪਿੰਡਾਂ 'ਚ ਪੂਰੀ ਦਹਿਸ਼ਤ ਫੈਲਾਈ ਜਾਏ । ਲੋੜ ਪਏ ਇਕ ਦੋ ਨੌਜਆਨ ਗੋਲੀ ਨਾਲ ਹਲਾਕ ਕੀਤੇ ਜਾਣ । ਇਸ ਨੂੰ ਫੌਜੀ ਦਾਓ ਪੇਚ ਸਮਝਿਆ ਜਾਏ ।

ਪ੍ਰ. ਅ. ਭਾਰਤ ਸਰਕਾਰ ਦਾ ਪੰਜਾਬ ਪੁਲਸ ਬਾਰੇ ਬੜਾ ਭੈੜਾ ਪ੍ਰਭਾਵ ਹੈ, ਇਹ ਪ੍ਰਭਾਵ ਠੀਕ ਕੀਤਾ ਜਾਏ । ਜਿਹੜੇ ਅਤਿਵਾਦੀ ਭਗੌੜੇ ਹੋ ਗਏ ਹਨ, ਉਹਨਾਂ ਦੇ ਬਜ਼ੁਰਗ ਮਾਂ-ਬਾਪ ਨੂੰ ਚੰਗੀ ਤਰ੍ਹਾਂ ਤੰਗ ਕੀਤਾ ਜਾਏ ।

ਟੀ. ਵੀ. ਖਬਰਾਂ ਵਿਚੋਂ ਖਬਰ ਇਹ ਹੈ ਕਿ ਪੰਜਾਬ ਵਿਚ ਲੋਕਾਂ ਨੇ ਫੌਜੀਰਾਜ ਥਲੇ ਸੁੱਖ ਦਾ ਸਾਹ ਲਿਆ ਹੈ ।

ਮਿ. ਅ. ਸਿਵਲ ਵਿਚ ਬਹੁਤ ਕੁਰਪਸ਼ਨ ਹੈ । ਫੌਜੀਆਂ ਜਵਾਨਾਂ ਨੇ ਆਪਣਾ ਪ੍ਰਭਾਵ ਵਧੀਆ ਪਾਉਣਾ ਹੈ । ਉਹਨਾਂ ਕਿਸੇ ਕੰਮ ਲਈ ਕਿਸੇ ਕੋਲੋਂ ਰਿਸ਼ਵਤ ਨਹੀਂ ਲੈਣੀ । ਅਗਰ ਬਹੁਤ ਜ਼ਰੂਰਤ ਪਵੇ ਤਾਂ ਉਹ ਆਪਣੀ ਗਡੀਆਂ ਦਾ ਕੁਝ ਡੀਜ਼ਲ ਕਿਸਾਨਾਂ ਅਗੇ ਵੇਚ ਸਕਦੇ ਹਨ । ਇਸ ਤਰਾਂ ਉਹਨਾਂ ਦੀ ਜਰੂਰਤ ਪੂਰੀ ਹੋ ਜਾਏਗੀ ਤੇ ਕਿਸਾਨਾਂ ਦੀ ਵੀ । ਇਸਦਾ ਲੋਕਾਂ ਉਤੇ ਬਹੁਤ ਵਧੀਆ ਪ੍ਰਭਾਵ ਪਏਗਾਂ ।

ਪ੍ਰ. ਅ. : ਪੁਲਸ ਨੂੰ ਲੋਕਾਂ ਉਤੇ ਪ੍ਰਭਾਵ ਪਾਉਣ ਦੀ ਲੋੜ ਨਹੀਂ, ਦੱਬਕਾ ਪਾਉਣ ਦੀ ਲੋੜ ਹੈ । ਇਹਦੇ ਲਈ ਹਰ ਮਹੀਨੇ ਪੰਜ ਸੱਤ ਪੁਲਸ ਮੁਕਾਬਲੇ ਬਨਾਉਣੇ ਜ਼ਰੂਰੀ ਹਨ ।

ਟੀ. ਵੀ. : ਖਬਰਾਂ ਵਿਚੋਂ ਖਬਰ ਇਹ ਹੈ ਕਿ ਫੌਜ ਅਤੇ ਪੁਲਸ ਦੇ ਰਾਜ ਵਿਚ ਲੋਕਾਂ ਦੀ ਜੈ-ਜੈਕਾਰ ਹੋ ।

[ਫੌਜ ਅਤੇ ਪੁਲਸ ਦੀ ਮਾਰਚਿੰਗ ਅਤੇ ਫ੍ਰੀਜ਼ ਫੇਟ-ਆਉਟ]

ਨਾਟਕਕਾਰ : ਤੇ ਪੰਜਾਬ ਵਿਚ ਜੋ ਕੁਝ ਉਸ ਵੇਲੇ ਹੋ ਰਿਹਾ ਸੀ ਜਾਂ ਲੋਕ ਜੋ ਸੋਚ ਰਹੇ ਸਨ ਉਹਦੀ ਇਕ ਸੈਨਤ ਮੈਨੂੰ ਮਿਲੀ, ਜਦੋਂ ਮੇਰੇ ਘਰ ਕੋਈ ਆਉਂਦਾ ਹੈ

(ਬੂਹਾ ਖੜਕਦਾ ਹੈ, ਇਕ ਨੌਜੁਆਨ ਆਂਦਾ ਹੈ)

ਨੌਜੁਆਨ : ਸਤਿ ਸ੍ਰੀ ਅਕਾਲ ਭਾਅ ਜੀ ।

ਨਾਟਕਕਾਰ : ਸਤਿ ਸ੍ਰੀ ਅਕਾਲ, ਕਿਸ ਤਰ੍ਹਾਂ ਆਏ ਹੋ ਬਰਖੁਰਦਾਰ ।

ਨੌਜੁਆਨ : ਮੈਂ ਤੁਹਾਡੀਆਂ ਲਿਖਤਾਂ ਪੜ੍ਹੀਆਂ ਹਨ । ਤੁਸੀਂ ਭਿੰਡਰਾਂਵਾਲੇ ਨੂੰ ਵੀ ਗਲਤ ਆਖਿਆ ਹੈ ਤੇ ਦਰਬਾਰ ਸਾਹਿਬ 'ਚ ਫੌਜੀ ਕਾਰਵਾਈ ਨੂੰ ਵੀ ਗ਼ਲਤ

ਆਖਿਆ ਹੈ।

ਨਾਟਕਕਾਰ। ਹਾਂ ਮੇਰਾ ਵਿਸ਼ਵਾਸ਼ ਹੈ ਕਿ ਭਿੰਡਰਾਂਵਾਲਾ ਦਾ ਦਰਬਾਰ ਸਾਹਿਬ ਵਿਚ ਲੜਨਾ ਗਲਤ ਸੀ ਤੇ ਤੇ ਹਿੰਦੁਸਤਾਨ ਦੀ ਫੌਜ ਦਾ ਦਰਬਾਰ ਸਾਹਿਬ ਤੇ ਏਦਾਂ ਹਮਲਾ ਵੀ ਗਲਤ ਸੀ।

ਨੌਜੁਆਨ : ਚਲੋ ਤੁਹਾਡੇ ਵਿਚਾਰ ਠੀਕ ਮੰਨ ਲੈਨੇ ਆਂ ਪਰ ਤੁਸੀਂ ਲਿਖਣ ਵਾਲੇ ਹੋ, ਸਾਡੇ ਵੀ ਵਿਚਾਰ ਲੋਕਾਂ ਤਕ ਪੁਚਾ ਦੇਵੋ। ਹਰਿਮੰਦਰ ਸਾਹਿਬ ਦੀ ਤਬਾਹੀ ਤੋਂ ਬਾਅਦ ਸਾਡੇ ਸੀਨਿਆਂ ਵਿਚ ਜੋ ਅੱਗ ਹੈ, ਉਹ ਵੀ ਵੇਖ ਲਵੋ।

ਨਾਟਕਕਾਰ : ਇਹ ਅੱਗ ਕਿਸ ਤਰ੍ਹਾਂ ਬੁਝੇਗੀ ਮੇਰੇ ਦੋਸਤ।

ਨੌਜੁਆਨ : ਪਤਾ ਨਹੀਂ।

ਨਾਟਕਕਾਰ : ਕੀ ਇਹ ਕਿਸੇ ਗਰੀਬ ਹਿੰਦੂ ਰਿਕਸ਼ੇ ਵਾਲੇ ਮਾਰਨ ਨਾਲ ਬੁਝ ਜਾਵੇਗੀ ?

ਨੌਜੁਆਨ : ਨਹੀਂ, ਉਹਦੇ ਨਾਲ ਸਾਡਾ ਕੀ ਵੈਰ ਹੈ ?

ਨਾਟਕਕਾਰ : ਕੀ ਕਿਸੇ ਹਿੰਦੂ ਰੇੜ੍ਹੀ ਵਾਲੇ ਨੂੰ ਮਾਰਨ ਨਾਲ ਬੁਝ ਜਾਏਗੀ ?

ਨੌਜੁਆਨ : ਨਹੀਂ, ਉਹਨੇ ਸਾਡਾ ਕੀ ਵਿਗਾੜਿਆ ਏ ?

ਨਾਟਕਕਾਰ : ਕੀ ਕਿਸੇ ਦਫ਼ਤਰ ਜਾਂਦੇ ਬਾਊ ਨੂੰ ਮਾਰਨ ਨਾਲ ਬੁਝ ਜਾਏਗੀ ?

ਨੌਜੁਆਨ : ਨਹੀਂ, ਉਹ ਵੀ ਸਾਡੇ ਵਾਂਗ ਬਾਲ ਬੱਚਿਆਂ ਵਾਲਾ ਹੈ।

ਨਾਟਕਕਾਰ : ਫੇਰ ਕਿਸਤਰ੍ਹਾਂ ਬੁਝੇਗੀ ?

ਨੌਜੁਆਨ : ਤੁਹਾਨੂੰ ਵੀ ਪਤਾ ਏ ਤੇ ਮੈਨੂੰ ਵੀ ਪਤਾ ਏ।

ਨਾਟਕਕਾਰ : ਚਲ ਜੇ ਤੂੰ ਮੂੰਹੋਂ ਨਹੀਂ ਆਖਣਾ ਚਾਹੁੰਦਾ ਤਾਂ ਮੈਂ ਆਖ ਦਿੰਦਾ ਹਾਂ, ਇਹ ਇੰਦਰਾ ਗਾਂਧੀ ਨੂੰ ਮਾਰਨ ਨਾਲ ਬੁਝੇਗੀ ?

ਨੌਜੁਆਨ : ਹਾਂ।

ਨਾਟਕਕਾਰ : ਫੇਰ ਮਾਰ ਆਉ, ਸਾਨੂੰ ਕੋਈ ਇਤਰਾਜ਼ ਨਹੀਂ। ਪਰ ਸਾਨੂੰ ਇਤਰਾਜ਼ ਹੋਵੇਗਾ ਜੇਕਰ ਤੁਹਾਡੀ ਅੱਖ ਕਿਸੇ ਗ਼ਰੀਬ ਰਿਕਸ਼ੇ ਵਾਲੇ ਤੇ; ਰੇੜ੍ਹੀ ਵਾਲੇ ਤੇ, ਦਫ਼ਤਰ ਜਾਂਦੇ ਬਾਊ ਤੇ ਜਾਂ ਹੋਰ ਸਾਧਾਰਨ ਹਿੰਦੂ ਤੇ ਪੈਂਦੀ ਹੈ। ਉਂਝ ਇਹ ਅੱਗ ਬੁਝਾਉਣ ਵਾਲਾ ਰਾਹ ਠੀਕ ਨਹੀਂ ਹੋਵੇਗਾ।

ਨੌਜੁਆਨ : ਕਿਉਂ ?

ਨਾਟਕਕਾਰ : ਸਿਆਸੀ ਲੜਾਈ ਸਿਆਸੀ ਢੰਗਾਂ ਨਾਲ ਹੋਣੀ ਚਾਹੀਦੀ ਹੈ। ਸਾਨੂੰ ਇਕ ਵਿਅਕਤੀ ਦੀ ਨਹੀਂ ਸਗੋਂ ਉਸ ਸਿਸਟਮ ਦੀ ਮੌਤ ਲਈ ਲੜਨਾ ਚਾਹੀਦਾ ਹੈ ਜਿਹੜਾ ਇਸ ਤਾਨਾਸ਼ਾਹੀ ਨੂੰ ਜਨਮ ਦਿੰਦਾ ਹੈ।

ਨੌਜੁਆਨ : ਭਾਅ ਜੀ, ਤੁਸੀਂ ਆਪਣਾ ਗਿਆਨ ਆਪਣੇ ਕੋਲ ਰੱਖੋ।

(ਜਾਂਦਾ ਹੈ)

ਨਾਟਕਕਾਰ : ਤੇ ਉਹ ਚਲਾ ਗਿਆ। ਇੰਦਰਾ ਗਾਂਧੀ ਦੀ ਹਤਿਆ ਹੋਈ, ਇਕ ਅੱਗ ਠੰਡੀ ਹੋਈ, ਪਰ ਕੀ ਹੋਰ ਅੱਗ ਨਾ ਲੱਗੀ ? ਲੱਗੀ। ਉਸ ਨੌਜੁਆਨ ਨੂੰ ਇਹਦੀ ਕਿੰਨੀ ਕੀਮਤ ਦੇਣੀ ਪਈ, ਮੈਂ ਨਹੀਂ ਜਾਣਦਾ। ਪਰ ਹਿੰਦੁਸਤਾਨ ਦੇ ਸਾਧਾਰਨ ਸਿੱਖਾਂ ਨੂੰ ਬਹੁਤ ਕੀਮਤ ਦੇਣੀ ਪਈ। ਉਹ ਇਕ ਸਾਜ਼ਸ਼ ਦਾ ਸ਼ਿਕਾਰ ਹੋਏ। ਉਸ ਨੌਜੁਆਨ ਨੂੰ ਵੀ ਵੱਡੀ ਕੀਮਤ ਦੇਣੀ ਪਈ ਹੋਏਗੀ। ਕਿਉਂਕਿ ਉਹ ਜ਼ਰੂਰ ਉਹਨਾਂ ਵਿਚੋਂ ਹੋਣਾ ਹੈ, ਜਿਹੜਾ ਪੁਲਸ ਦੇ ਤਸੀਹੇ ਘਰਾਂ ਵਿਚ ਤਸੀਹੇ ਭੋਗ ਰਿਹਾ ਹੋਣਾ ਏ। ਇਹ ਸਭ ਇਕ ਗਲਤ ਚੱਕਰ ਹੈ। ਮੋਟਰ ਸਾਇਕਲ ਸਕੂਐਡ ਦੇ ਹੱਥੋਂ ਬੇਗੁਨਾਹਾਂ ਦਾ ਮਾਰਿਆ ਜਾਣਾ। ਟਾਇਰਾਂ ਨੂੰ ਗਲਾਂ ਵਿਚ ਪਾ ਕੇ ਅੱਗ ਲਾ ਦਿੱਤੀ ਜਾਣੀ ਤੇ ਤਸੀਹੇ ਘਰਾਂ ਵਿਚ ਤਸੀਹੇ ਸਹਿਣਾ—ਤੇ ਨਾਟਕ ਵੇਖਣ ਵਾਲੇ ਲੋਕੋ, ਤੁਸੀਂ ਸੋਚਦੇ ਹੋਵੋਗੇ ਕਿ ਨਾਟਕਕਾਰ ਤੁਹਾਨੂੰ ਇਹ ਕੀ ਨਾਟਕ ਵਿਖਾ ਰਿਹਾ ਹੈ। ਇਹ ਤੇ ਇਤਿ-ਹਾਸ ਦੁਹਰਾ ਰਿਹਾ ਹੈ। ਹਾਂ, ਮੈਂ ਇਤਿਹਾਸ ਦੁਹਰਾ ਰਿਹਾ ਹਾਂ ਅਤੇ ਇਕ ਮੂਰਖਤਾ ਤੁਹਾਨੂੰ ਦਿਖਾ ਰਿਹਾ ਹਾਂ। ਇਕ ਮੂਰਖਤਾ ਅਸੀਂ ਤੁਸੀਂ ਲਗਾਤਾਰ ਚੁੱਪ ਵੇਖਦੇ ਰਹੇ—ਤੇ ਪੁਲਸ ਥਾਣਿਆਂ ਵਿਚ, ਸੜਕਾਂ ਤੇ ਬਾਜ਼ਾਰਾਂ ਵਿਚ ਕਤਲ ਕਾਂਡ ਵਾਪਰਦੇ ਰਹੇ। ਕੀ ਇਹਨਾਂ ਕਤਲਾਂ ਪਿਛੇ ਕੋਈ ਤਰਕ ਸੀ ? ਬਹੁਤ ਵੱਡਾ ਸਵਾਲ ਏ—ਸਵਾਲ ਜੋ ਵਰ੍ਹਿਆਂ ਬੱਧੀ ਸਾਡੀ ਨੀਂਦ ਹਰਾਮ ਕਰਦਾ ਰਹੇਗਾ, ਸੁਤਿਆਂ ਸੁਤਿਆਂ ਨੂੰ ਅਬੜਵਾਹ ਜਗਾਂਦਾ ਰਹੇਗਾ।

ਹਾਂ ਅਸੀਂ ਸੁਤੇ-ਸੁਤੇ ਅਬੜਵਾਹ ਜਾਗ ਉਠਾਂਗੇ ਕਿਸੇ ਡਰਾਉਣੇ ਸੁਪਨੇ ਤੋਂ—ਤੇ ਪੁਛਾਂਗੇ—ਇਹ ਕਿਉਂ ਹੋਇਆ ? ਹਾਂ ਜੋ ਕੁਝ ਹੋਇਆ—ਕਿਉਂ ਹੋਇਆ ?

(ਅਗਲਾ ਸੀਨ ਮਾਈਮ ਵਿਚ ਹੈ—ਇਕ ਬਰਫ਼ ਵੇਚਦਾ ਦੁਕਾਨਦਾਰ, ਪੁਲੀਸ ਥਾਨੇ ਵਿਚ ਪੀਲੇ ਪਟਕੇ ਵਾਲਾ ਨੌਜੁਆਨ, ਕੁੜਿਆ ਹੋਇਆ, ਇਕ ਬੁੱਢਾ ਗਲ ਵਿਚ ਟਾਇਰ ਪਾਇਆ ਹੋਇਆ। ਭਿਆਨਕ ਸੰਗੀਤ ਸ਼ੁਰੂ ਹੁੰਦਾ ਹੈ। ਐਕਸ਼ਨ ਸ਼ੁਰੂ ਹੁੰਦਾ ਹੈ—ਮੋਟਰ ਸਾਇਕਲ ਸਕੂਐਡ, ਉਹ ਬਰਫ ਵੇਚਦੇ ਨਿਰੰਕਾਰੀ ਨੂੰ ਮਾਰਦਾ ਹੈ, ਪੁਲੀਸ ਟਾਰਚਰ ਭਿਆਨਕ ਸੰਗੀਤ ਦੀ ਲੈਅ ਵਿਚ ! ਪੁੱਛ ਕੇ ਛਡਾਂਗੇ, ਨਹੀਂ ਦੱਸਾਂਗਾ। ਟਾਇਰ ਗਲ ਵਿਚ ਪਾਈ ਅੱਗ ਰੰਗੇ ਫੀਤੇ ਹੱਥ ਵਿਚ ਫੜੀ ਅੱਗ ਵਿਚ ਸੜਦੇ ਤੜਪਦੇ ਆਦਮੀ ਦਾ ਨਾਚ। ਸੰਗੀਤ ਦੀ ਲੈਅ ਤੇਜ਼—ਇਹੀ ਨਾਚ ਚੱਕਰ ਵਿਚ ਹੁੰਦਾ ਹੈ। ਮੌਤ ਦਾ ਨਾਚ—ਹੌਲੀ ਹੌਲੀ ਬੰਦਿਆਂ ਦਾ

ਡਿੱਗਣਾ, ਲਾਸ਼ਾਂ ਬਣ ਜਾਣਾ, ਸੰਗੀਤ ਬੰਦ ਹੋਣ ਤੇ ਸਟੇਜ ਦੇ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਹਨ।

(ਕੁਝ ਚਿਰ ਚੁੱਪ)

ਲਾਸ਼ਾਂ ਦੇ ਢੇਰ ਦੇ ਉਤੋਂ ਸੰਤ ਲੌਂਗੋਵਾਲ ਅਤੇ ਰਾਜੀਵ ਗਾਂਧੀ ਲੰਘਦੇ ਹੋਏ ਹੱਥ ਮਿਲਾਂਦੇ ਹਨ।

ਰੇਡੀਉ ਦੀ ਆਵਾਜ਼ : ਇਹ ਆਲ ਇੰਡੀਆ ਰੇਡੀਓ ਹੈ। ਖ਼ਬਰਾਂ ਸੁਣੋ। ਪੰਜਾਬ ਦਾ ਮਸਲਾ ਅਮਨ-ਅਮਾਨ ਨਾਲ ਹੱਲ ਹੋ ਗਿਆ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਇਸ ਸਮਝੌਤੇ ਨੂੰ ਕਾਮਯਾਬ ਬਨਾਉਣ ਵਿਚ ਪੂਰਾ ਸਹਿਯੋਗ ਦੇਣ।

(ਸਾਰਾ ਸੀਨ ਸਟਿਲ ਹੋ ਜਾਂਦਾ ਹੈ)

ਨਾਟਕਕਾਰ : (ਅਗੇ ਆ ਕੇ ਹੱਥ ਜੋੜਦਾ ਹੈ)
ਹਾਂ, ਸਮਝੌਤਾ ਹੋ ਗਿਆ ਹੈ। ਇਹ ਸਮਝੌਤਾ 1980 ਵਿਚ ਵੀ ਹੋ ਸਕਦਾ ਸੀ। ਪੰਜਾਬ ਦੇ ਲੋਕਾਂ ਨੂੰ ਇਹਦੀ ਬੜੀ ਮਹਿੰਗੀ ਕੀਮਤ ਦੇਣੀ ਪਈ ਹੈ। ਸ਼ਾਇਦ ਹਾਲੇ ਹੋਰ ਵੀ ਕੀਮਤ ਦੇਣੀ ਪਏ, ਕਿਉਂਕਿ ਨਫਰਤ ਅਤੇ ਕਤਲੋਗ਼ਾਰਤ ਦਾ ਵਾਤਾਵਰਨ ਜਿਹੜਾ ਪੰਜਾਬ ਵਿਚ ਏਨੇ ਸਾਲ ਛਾਇਆ ਰਿਹਾ, ਇਹਦਾ ਅਸਰ ਹੌਲੇ ਹੌਲੇ ਮਰੇਗਾ। ਏਨੀਂ ਕੀਮਤ ਦੇਣ ਦੇ ਬਾਅਦ ਵੀ ਸਾਧਾਰਨ ਲੋਕ ਤੰਗੀਆਂ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ, ਉਸ ਵਿਚ ਕੋਈ ਰੱਤੀ ਭਰ ਵੀ ਫ਼ਰਕ ਪਿਆ ? ਕੀ ਨੌਜਵਾਨਾਂ ਲਈ ਭਵਿੱਖ ਉਸੇ ਤਰ੍ਹਾਂ, ਹਨੇਰੇ ਵਿਚ ਨਹੀਂ ? ਕੀ ਪੈਸੇ ਦੀ ਪ੍ਰਧਾਨਗੀ ਉਸੇ ਤਰ੍ਹਾਂ ਸਮਾਜ ਵਿਚ ਨਹੀਂ ? ਨੌਕਰੀਆਂ ਦੀ ਨਿਯੁਕਤੀ ਨਹੀਂ ਖ੍ਰੀਦੀ ਜਾਂਦੀ ? ਕੀ ਰੇਲ ਗੱਡੀਆਂ, ਬੱਸਾਂ, ਹਸਪਤਾਲਾਂ, ਸਰਕਾਰੀ ਦਫ਼ਤਰਾਂ ਵਿਚ ਸਾਧਾਰਨ ਲੋਕਾਂ ਲਈ ਧੱਕੇ ਤੇ ਧੱਕਾ ਨਹੀਂ ਹਨ ? ਕੀ ਪੁਲਸ ਥਾਣਿਆਂ ਵਿਚ ਉਸੇ ਤਰ੍ਹਾਂ ਹਨੇਰ ਗਰਦੀ ਨਹੀਂ ? ਕੀ ਬੰਦੇ ਝੂਠੇ ਮੁਕਾਬਲਿਆਂ ਵਿਚ ਨਹੀਂ ਮੁਕਾਏ ਜਾਂਦੇ ? ਹਵਾਲਾਤਾਂ ਵਿਚ ਗੁੰਮ ਨਹੀਂ ਕੀਤੇ ਜਾਂਦੇ ? ਕੀ ਚੋਣਾਂ ਦੀ ਖੇਡ ਉਸੇ ਤਰ੍ਹਾਂ ਪੈਸੇ ਨਾਲ ਨਹੀਂ ਖੇਡੀ ਜਾਂਦੀ ? ਕੀ ਕਿਸਾਨਾਂ ਦੀ ਜਿਣਸ ਮੰਡੀਆਂ ਵਿਚ ਨਹੀਂ ? ਇਹਨਾਂ ਸਵਾਲਾਂ ਦਾ ਜਵਾਬ ਸਪਸ਼ਟ ਹੈ—ਕੋਈ ਫਰਕ ਨਹੀਂ ਪਿਆ। ਇਸੇ ਲਈ ਇਹ ਲੜਾਈ ਮੂਰਖਤਾ ਵਾਲੀ ਸੀ, ਗਲਤ ਸੀ। ਇਹੀ ਮੈਂ ਆਪਣੇ ਨਾਟਕ ਵਿਚ ਵਿਖਾਉਣ ਦਾ ਯਤਨ ਕੀਤਾ ਹੈ। ਇਹ ਸਮਝੌਤਾ ਹੋ ਗਿਆ ਹੈ। ਆਓ ਅਸੀਂ ਵੀ ਆਪਸ ਵਿਚ ਸਮਝੌਤਾ ਕਰੀਏ ਕਿ ਇਹੋ ਜਿਹੀ ਗਲਤ ਤੇ ਮੂਰਖਤਾ ਵਾਲੀ ਲੜਾਈ ਕਦੀ ਨਹੀਂ ਲੜਾਂਗੇ। ਇਹ ਸਮਝੌਤਾ ਹੀ ਸਾਡੀ ਜ਼ਿੰਦਗੀ ਦੇ ਸੰਘਰਸ਼ ਦਾ ਆਗ਼ਾਜ਼ ਹੋਏਗਾ।

(ਹੌਲੇ ਹੌਲੇ ਪਿੱਛੇ ਹੁੰਦਾ ਹੈ ਤੇ ਨਾਟਕ ਖਤਮ ਹੁੰਦਾ ਹੈ)

---

ਕ਼ਵਿਤਾ

## ਮੋਗੇ ਦੀ ਲਲਕਾਰ/ਬਲਬੀਰ ਪਰਵਾਨਾ

ਸਿਰਫ਼ ਚਾਹਿਆਂ ਈ ਕੁਝ ਨਹੀਂ ਹੋ ਜਾਂਦਾ
ਸ਼ਾਹ-ਸਵਾਰ ਉਹੀ ਬਣਦੇ ਹਨ
ਜਿਹੜੇ ਤੁਰਦੇ ਹਨ
ਮਨ 'ਚ ਕਿਸੇ ਵੀ ਅਣਹੋਣੀ ਨਾਲ ਭਿੜਨ ਦੀ ਧਾਰ
ਔਝੜ ਪਗਡੰਡੀਆ 'ਤੇ ਉਨੀਂਦਰੀਆਂ ਰਾਤਾਂ ਦਾ ਸਫ਼ਰ
ਜਾਂ ਪੀਂਦੇ ਹਨ ਜ਼ਹਿਰ ਦਾ ਪਿਆਲਾ
ਪਰ ਥਿੜਕਦੇ ਨਹੀਂ

ਉਂਜ ਔਖਾ ਤਾਂ ਬਹੁਤ ਹੁੰਦਾ ਹੈ ਘਰ ਦੇ ਮੋਹ ਨੂੰ ਉਲੰਘ
ਝੱਖੜਾਂ ਦੀ ਛਾਂ ਹੇਠ ਤੁਰਨਾ
ਹਕੂਮਤ ਨਾਲ ਟੱਕਰ ਲੈਣੀ
ਤੇ ਯੁੱਗ ਬਦਲਣ ਦੀ ਗੱਲ ਕਰਨੀ
ਸਪਾਰਕਟਸ ਤੋਂ ਲੈ ਪਤਾ ਨਹੀਂ ਕਿੰਨੀਆਂ ਖੂਨੀਆਂ
ਹੱਕ ਦੀ ਏਸ ਲੜਾਈ ਦੀ ਬਲੀ ਚੜ੍ਹੀਆਂ
ਤੇ ਕਿੰਨੇ ਹੋਰ ਅਜੇ ਬਣਨਗੇ ਸ਼ਹੀਦ ਏਸ ਰਾਹ 'ਤੇ
ਪਰ ਇਤਿਹਾਸ ਜ਼ਰੂਰ ਬਦਲੇਗਾ
ਇਤਿਹਾਸ ਬਦਲਦਾ ਆਇਆ ਹੈ
ਅਖ਼ਬਾਰਾਂ ਦੀਆਂ ਸੁਰਖੀਆਂ 'ਚ
ਪੁਲੀਸ ਮੁਕਾਬਲਾ ਬਣਨ ਤੱਕ
ਇਤਿਹਾਸ ਤਾਂ ਸਿਰਜਿਆ ਵੀ ਜਾ ਚੁੱਕਾ ਹੁੰਦਾ
ਜਦ ਤੱਕ ਸਿਆੜਾਂ 'ਚ ਹਉਕੇ ਉਗਦੇ ਹਨ
ਹਲ ਵਾਹੁੰਦੇ ਜੱਟ ਲਈ
ਕਾਰਖਾਨਿਆਂ 'ਚੋਂ ਕੰਗਾਲੀ ਵਰਦੀ
ਮਜ਼ਦੂਰ ਦੇ ਤਨ ਵਾਸਤੇ
ਬੇਰੁਜ਼ਗਾਰੀ ਪੀਂਦੀ ਹੈ ਲਹੂ
ਚੜ੍ਹਦੀ ਜੁਆਨੀ ਦੇ ਹੁਸੀਨ ਸੁਪਨਿਆਂ ਦਾ
ਤੇ ਤਿੜਕ ਜਾਂਦਾ ਹੈ ਹਰ ਚਾਅ
ਰੁਜ਼ਗਾਰ ਦਫ਼ਤਰਾਂ ਦੇ ਗੇੜੇ ਮਾਰਦਿਆਂ
ਕੂੰਜ ਜਹੀ ਕੁੜੀ ਨੂੰ ਗਹਿਰੀ ਅੱਖ ਨਾਲ ਤੱਕਦੀ
ਧਨ ਦੀ ਜੁੰਡੀ ਹਾਵੀ ਹੈ ਸੱਭ ਉਪਰ
ਜਾਂ...
ਗੱਲਾਂ ਤਾਂ ਹੋਰ ਵੀ ਬਹੁਤ ਹਨ, ਬੇਸ਼ੁਮਾਰ
ਪਰ ਸਭ ਤੋਂ ਮਹੱਤਵਪੂਰਨ ਇਹ ਗੱਲ ਹੈ
ਕਿ ਰਾਹਾਂ ਤੇ ਸ਼ੁਰੂ ਹੋ ਗਈ ਹੈ ਪੈੜ ਚਾਲ।
ਧਰਤੀ ਦਾ ਹਰ ਚੱਪਾ ਜੰਗੇ-ਮੈਦਾਨ ਬਣੇਗਾ
ਤੇ ਜਾਰੀ ਰਹੇਗੀ ਲੜਾਈ
ਏਸ ਨਿਜ਼ਾਮ ਦੇ ਖਿਲਾਫ਼, ਏਹਦੇ ਅੰਤ ਤੱਕ
ਹੁਸੈਨੀ ਵਾਲਾ ਗਵਾਹ ਹੈ ਇਹਨਾਂ ਇਰਾਦਿਆਂ ਦਾ
ਭੱਖਦੇ ਸੁਪਨਿਆਂ ਦਾ
ਤੇ ਹੌਂਸਲੇ ਦਾ ਵੀ
ਹੁਸੈਨੀਵਾਲਾ ਜੋ ਕਦੀ ਦੁੱਲੇ ਦੀ ਸਾਂਦਲਯਾਰ ਬਣ ਜੂਝਦਾ ਹੈ
ਤੇ ਕਦੀ ਮੋਗੇ ਦੀ ਲਲਕਾਰ ਬਣ। ○

ਕਹਾਣੀ—

## ਝੰਡਾ ੦ ਸੁਰਿੰਦਰ ਮਨਣ

ਇੰਨਸਪੈਕਟਰ ਅਜੀਤ ਸਿੰਘ ਦੀ ਇਮਤਿਹਾਨ ਦੀ ਘੜੀ ਆ ਚੁੱਕੀ ਸੀ। ਠੀਕ ਦਸ ਵਜੇ 'ਮਾਰਚ' ਸ਼ੁਰੂ ਹੋਣਾ ਸੀ। ਸਿਰਫ਼, ਅੱਧਾ ਘੰਟਾ ਹੀ ਬਾਕੀ ਸੀ। ਸੀ. ਆਈ. ਡੀ. ਦੀ ਰਿਪੋਰਟ ਮੁਤਾਬਕ ਕੋਈ ਗੰਭੀਰ ਘਟਨਾ ਹੋਣ ਦੀ ਆਸ ਨਹੀਂ ਸੀ। ਉਨ੍ਹਾਂ ਕੋਲ ਸਿਰਫ ਡਾਂਗਾਂ ਹੀ ਸਨ, ਜਿਨ੍ਹਾਂ 'ਤੇ ਝੰਡੇ ਟੰਗੇ ਹੋਏ ਸਨ। ਪਰ ਡਾਂਗਾਂ ਡਾਂਗਾਬਾਜ਼ਾਂ ਦੀਆਂ ਡਾਂਗਾਂ ਵਰਗੀਆਂ ਖਾਸੀਆਂ ਮਜ਼ਬੂਤ ਅਤੇ ਲੰਮੀਆਂ ਸਨ। ਕੁਝ ਕੁ ਡਾਂਗਾਂ ਤੇ ਸੁੰਮ ਵੀ ਚੜ੍ਹੇ ਹੋਏ ਸਨ। ਇਹਦੇ ਬਿਨਾਂ ਕਿਸੇ ਵੀ ਹੋਰ ਹਥਿਆਰ ਦੀ ਸੂਚਨਾ ਨਹੀਂ ਸੀ। ਇੰਨਸਪੈਕਟਰ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੌਕਾ ਪੈਣ ਤੇ ਇਹ ਝੰਡੇ ਕਿਵੇਂ ਹਥਿਆਰ ਬਣ ਜਾਂਦੇ ਹਨ । ਅਤੇ ਮੁਕਾਬਲਾ ਨਾ ਕਰ ਸਕਣ ਦੀ ਹਾਲਤ ਵਿਚ ਪੁਲੀਸ ਨੂੰ ਕਿਵੇਂ ਸਿਰ ਤੇ ਪੈਰ ਰੱਖ ਕੇ ਭੱਜਣਾ ਪੈਂਦਾ ਹੈ। ਮੁਜ਼ਾਹਰੇ-ਮੁਜ਼ਾਹਰੇ 'ਚ ਫਰਕ ਹੁੰਦਾ ਹੈ ਇਹ ਉਹ ਚੰਗੀ ਤਰ੍ਹਾਂ ਜਾਣਦਾ ਸੀ।

ਜੇ ਗੜਬੜੀ ਦਾ ਡਰ ਨਾ ਵੀ ਹੋਵੇ ਤਾਂ ਵੀ ਚੌਕਸੀ ਰੱਖਣੀ ਜ਼ਰੂਰੀ ਹੈ। ਕੁਝ ਨਹੀਂ ਕਿਹਾ ਜਾ ਸਕਦਾ ਕਿ ਕਿਹੜੇ ਵੇਲੇ ਹਾਲਤ ਕਿਹੜਾ ਮੋੜਾ ਲੈ ਲੈਣ। ਖਾਸ ਕਰਕੇ ਮੁਜ਼ਾਹਰੇ ਦੇ ਮਾਮਲੇ 'ਚ । ਉਨ੍ਹਾਂ ਦੀ ਗਿਣਤੀ ਦੇਖ ਕੇ ਇਉਂ ਲਗਦਾ ਸੀ ਕਿ ਜਿਵੇਂ ਵੱਡੀ ਗਿਣਤੀ ਤਾਂ ਰਾਤ ਨੂੰ ਹੀ ਸ਼ਹਿਰ 'ਚ ਆ ਚੁੱਕੀ ਹੋਵੇ, ਪਰ ਇਹ ਅੰਦਾਜ਼ਾ ਗਲਤ ਨਿਕਲਿਆ । ਸਵੇਰ ਤੋਂ ਹੀ ਵਿਦਿਆਰਥੀ-ਵਿਦਿਆਰਥਣਾਂ ਦੇ ਜੱਥੇ ਲਗਾਤਾਰ ਟਰੱਕ ਟਰਾਲੀਆਂ-ਬੱਸਾਂ 'ਚੋਂ ਸ਼ਹਿਰ 'ਚ ਉੱਤਰ ਰਹੇ ਸਨ। ਅਤੇ ਹੁਣ ਉਨ੍ਹਾਂ ਦੀ ਗਿਣਤੀ ਕਰਨੀ ਵੀ ਮੁਸ਼ਕਿਲ ਸੀ। ਸ਼ਹਿਰ 'ਚ ਯੱਕਦਮ ਇਕ ਅਜੀਬ ਹਲਚਲ ਤੇ ਭਜਦੌੜ ਸ਼ੁਰੂ ਹੋ ਚੁੱਕੀ ਸੀ।

ਵਾਇਰਲੈਸ ਤੇ ਜਿਵੇਂ ਜਿਵੇਂ ਰਿਪੋਰਟਾਂ ਆ ਰਹੀਆਂ ਸੀ। ਇੰਨਸਪੈਕਟਰ ਅਜੀਤ ਸਿੰਘ ਦਾ ਸਰੀਰ ਅੰਗੜਾਈਆਂ ਲੈ ਰਿਹਾ ਸੀ। ਬਾਰ ਬਾਰ ਉਹ ਆਪਣੀਆਂ ਮੁੱਛਾਂ ਨੂੰ ਉਤਾਂਹ ਮਰੋੜਾ ਦੇ ਰਿਹਾ ਸੀ, ਅਤੇ ਰੂਲ ਨੂੰ ਆਪਣੀ ਲੱਤ ਤੇ ਥਮਥਪਾਉਂਦਾ ਹੋਇਆ ਬੇ-ਸਬਰੀ ਨਾਲ ਥਾਣੇ ਦੇ ਵਰਾਂਡੇ ਵਿਚ ਨਿੱਕੀ ਚਾਲੇ ਟਹਿਲ ਰਿਹਾ ਸੀ। ਅਜੀਤ ਸਿੰਘ ਦੀ ਇਹ ਆਦਤ ਹੀ ਸੀ ਕਿ ਜਦ ਕਿਸੇ ਡੂੰਘੀ ਸੋਚ 'ਚ ਡੁੱਬਿਆ ਹੁੰਦਾ ਜਾਂ ਕਿਸੇ ਉਲਝਨ 'ਚ ਫਸਿਆ ਹੁੰਦਾ ਤਾਂ ਆਪਣੇ ਆਪ ਹੀ ਉਸ ਦਾ ਸੱਜਾ ਹੱਥ ਰੂਲ ਨੂੰ ਲੱਤ 'ਤੇ ਥਮਥਪਾਉਣਾ ਸ਼ੁਰੂ ਕਰ ਦੇਂਦਾ ਅਤੇ ਖੱਬੇ ਹੱਥ ਦਾ ਅੰਗੂਠਾ ਅਤੇ ਤਰਜਨੀ ਨੂੰ ਮਿਲਾਕੇ ਮਾਲਾ ਦੇ ਮਣਕੇ ਫੇਰਨ ਵਾਂਗ ਮੁੱਛਾਂ ਨੂੰ ਮਰੋੜਾ ਦੇਣਾ ਸ਼ੁਰੂ ਕਰ ਦਿੰਦਾ। ਇਹ ਦਰਅਸਲ ਉਹਦੇ ਆਦਮੀ ਤੋਂ ਇੰਨਸਪੈਕਟਰ ਅਜੀਤ ਸਿੰਘ ਬਣਨ ਦੀ ਪ੍ਰਕਿਰਿਆ ਸੀ। ਪ੍ਰਕਿਰਿਆ ਪੂਰੀ ਹੋਣ ਤੇ ਪਿਛੋਂ ਉਹ ਖ਼ੂੰ-ਖਾਰਤਾ ਦੀ ਜੀਉਂਦੀ ਜਾਗਦੀ ਮਿਸਾਲ ਬਣ ਜਾਂਦਾ। ਉਸ ਵੇਲੇ ਉਹ ਇੰਝ ਲਗਦਾ ਜਿਵੇਂ ਉਹਦਾ ਰੂਪ ਬਦਲ ਗਿਆ ਹੋਵੇ। ਇਸ ਡਰਾਉਣੇ ਰੂਪ ਨੂੰ ਜਿਹੜਾ ਵੀ ਦੇਖ ਲੈਂਦਾ ਤੋਬਾ ਕਰ ਉੱਠਦਾ। ਪੁਲੀਸ ਮਹਿਕਮੇ ਦਾ ਉਹ ਚਮਕਦਾ ਸਿਤਾਰਾ ਸਮਝਿਆ ਜਾਂਦਾ ਸੀ। ਹਰ ਅਫ਼ਸਰ ਇਹ ਦਾਹਵਾ ਕਰ ਸਕਦਾ ਸੀ ਕਿ ਅਜੀਤ ਸਿੰਘ ਜਿਹਾ ਜਾਂ-ਬਾਜ਼ ਅਵੇਸ਼ ਹੀ ਇਕ ਦਿਨ ਪੁਲੀਸ ਇਤਿਹਾਸ 'ਚ ਨਵਾਂ ਰਿਕਾਰਡ ਕਾਇਮ ਕਰੇਗਾ। ਹੁਣੇ ਜਿਹੇ ਹੀ ਉਹ ਇਸ ਸ਼ਹਿਰ 'ਚ ਬਦਲ ਕੇ ਆਇਆ ਸੀ ਪਰ ਬਦਕਾਰ ਅੱਡਿਆਂ ਦੇ ਵੈਲੀਆਂ ਖਰਾਂਟਾਂ 'ਚ ਉਹਦੀ ਖ਼ੂੰ-ਖਾਰਤਾ ਦੀਆਂ ਦੰਦ ਕਥਾਵਾਂ ਬਹੁਤ ਪ੍ਰਚਲਿਤ ਸਨ।

ਇੰਨਸਪੈਕਟਰ ਦੇ ਦੀਮਾਗ 'ਚ ਐਸ ਸਮੇਂ ਦੋ ਦ੍ਰਿਸ਼ ਰਲਗਡ ਹੋ ਰਹੇ ਸਨ। ਇਕ ਉਹ ਜਦ ਪਿਛਲੇ ਸਾਲ ਕਿਸਾਨ ਸਭਾ ਵਾਲਿਆਂ ਦੇ ਇਕ ਜਲੂਸ ਨਾਲ ਮੁੱਠ ਭੇੜ ਹੋਈ ਸੀ। ਛੋਟੇ ਜਿਹੇ ਪਿੰਡ ਦੀ ਨਾਕਾਬੰਦੀ ਕਰ ਲਈ ਗਈ ਸੀ। ਅੱਥਰੂ ਗੈਸ ਛੱਡ ਕੇ ਮੁਜ਼ਾਹਰਾ ਖਿੰਡਾ ਦਿੱਤਾ ਗਿਆ ਸੀ ਤੇ ਪਿੰਡ ਦੀਆਂ ਤੰਗ ਗਲੀਆਂ, ਬਾਜ਼ਾਰਾਂ 'ਚ ਮੁਜ਼ਾਹਰਾਕਾਰੀਆਂ ਨੂੰ ਬੇ-ਤਹਾਸ਼ਾ ਕੁੱਟਿਆ ਮਾਰਿਆ ਤੇ ਘਸੀਟਿਆ ਸੀ। ਤਿੰਨ ਘੰਟੇ ਜੰਮ ਕੇ ਲੜਾਈ ਹੋਈ ਸੀ; ਫਿਰ ਹੌਲੀ ਹੌਲੀ ਸ਼ਾਂਤੀ ਤੋਂ ਪਿਛੋਂ ਉਹਨੇ ਦੇਖਿਆ ਸੀ—ਚੁਫੇਰੇ ਖਿੰਡੇ ਹੋਏ ਇੱਟ ਪੱਥਰ ਟੁੱਟੀਆਂ ਚੱਪਲਾਂ ਕਪੜਿਆਂ ਦੇ ਚੀਥੜੇ ਤੇ ਖੂਨ ਦੇ ਛੱਪੜ 'ਚ ਤਿੰਨ ਮੁੰਡੇ ਲਹੂ ਨਾਲ ਲੱਥ ਪੱਥ ਮੂਧੇ ਮੂੰਹ ਡਿਗੇ ਪਏ ਸਨ। ਬੁਰੀ ਤਰ੍ਹਾਂ ਹਫਦਾ ਹੋਇਆ ਉਹ ਕਿਸੇ ਅੰਜਾਨ ਪਾਗਲਪਨ 'ਚ ਆ ਕੇ ਚਿੰਘਾੜਾ ਮਾਰਦਾ ਉਹਨਾਂ ਤੇ ਜਾ ਚੜ੍ਹਿਆ। ਦੋ ਨੂੰ ਤਾਂ ਉਥੇ ਹੀ ਪੱਟਕ ਪੱਟਕ ਕੇ ਮਾਰ ਦਿੱਤਾ, ਫਿਰ ਲਾਸ਼ਾਂ ਨਹਿਰ 'ਚ ਸੁੱਟਵਾ ਦਿੱਤੀਆਂ। ਮੁੰਡਿਆਂ ਦੇ ਬੁੱਢੇ ਮਾਂ ਪਿਉ ਲਾਸ਼ਾਂ ਲੈਣ ਲਈ ਥਾਣੇ 'ਚ ਚੱਕਰ ਕੱਟਦੇ ਰਹੇ।

ਦੂਜਾ ਦ੍ਰਿਸ਼ ਉਹ ਜਦ ਉਸ ਨੇ ਪ੍ਰੋਫੈਸਰ ਹਰਪਾਲ ਸਿੰਘ ਦੀ ਲਾਸ਼ ਵੇਖੀ ਸੀ। ਛੇ ਗੋਲੀਆਂ, ਓਹਦੇ ਸਰੀਰ ਵਿਚੋਂ ਕੱਢ ਦਿੱਤੀਆਂ ਸਨ। ਉਹ ਵੀ ਦਿਨ ਦਿਹਾੜੇ ਯੂਨੀਵਰਸਿਟੀ ਦੇ ਅਹਾਤੇ ਵਿਚ। ਪ੍ਰੋਫ਼ੈਸਰ ! ਇਕ ਪ੍ਰਸਿੱਧ ਹਸਤੀ ਅਤੇ ਸਰਕਾਰ ਦਾ ਖਾਸ ਬੰਦਾ। ਕੇਂਦਰ ਤੱਕ ਸਿੱਧੀ ਪਹੁੰਚ ਅਤੇ ਸਬੰਧ। ਯੂਨੀਵਰਸਿਟੀ 'ਚ

ਇਨਕਲਾਬੀ ਵਿਦਿਆਰਥੀਆਂ ਦੀ ਇਸ ਜਥੇਬੰਦੀ ਨੂੰ ਤੋੜਨ-ਖਿੰਡਾਉਣ'ਦੀਆਂ ਕਈ ਕੋਸ਼ਿਸ਼ਾਂ ਦੇ ਛੁੱਟ ਇਨ੍ਹਾਂ ਦੇ ਹਰਮਨ ਪਿਆਰੇ ਜੁਝਾਰੂ ਆਗੂ ਦਾ ਕਤਲ ਕਰਵਾਉਣ 'ਚ ਉਹਦਾ ਮੁੱਖ ਹੱਥ ਰਿਹਾ। ਇਹ ਗੱਲ ਇੰਨਸਪੈਕਟਰ ਚੰਗੀ ਤਰ੍ਹਾਂ ਜਾਣਦਾ ਸੀ। ਪ੍ਰੋਫ਼ੈਸਰ ਦਾ ਪੂਰਾ ਇੰਤਜ਼ਾਮ, ਵੀ ਸੀ। ਫਿਰ ਵੀ ... ਬਹੁਤ ... ਖੌਫ਼ਨਾਕ ਲਾਸ਼ ਸੀ ਉਹ ...।

ਇੰਨਸਪੈਕਟਰ ਦੀ ਚਹਿਲ-ਕਦਮੀ ਤੇਜ਼ ਹੋ ਗਈ ਸੀ। ਲੱਤ ਤੇ ਰੂਲ ਥਪਥਪਾਉਣ ਦੀ ਥਾਂ ਹੁਣ ਉਹ ਜ਼ਰਾ ਜ਼ੋਰ ਨਾਲ ਪਟਕਾਉਣ ਲੱਗਾ। ਉਹਨੂੰ ਲੱਗਾ, ਇਕ ਭਾਰੀ ਚੱਟਾਨ ਲੁੜਕਦੀ ਹੋਈ ਉਹਦੇ ਸਿਰ ਤੇ ਆ ਰਹੀ ਹੈ। ਜਿਹਨੂੰ ਰੋਕਿਆ ਨਾ ਗਿਆ ਤਾਂ ਉਹ ਉਹਦੀਆਂ ਹੱਡੀਆਂ ਪੀਹ ਦੇਵੇਗੀ। ਉਹਨੇ ਖੁਦ ਨੂੰ ਉਸ ਚੱਟਾਨ ਥੱਲੇ ਝੱਬਿਆ, ਛਟਪਟਾਉਂਦਾ, ਮਰਦਾ ਹੋਇਆਂ ਮਹਿਸੂਸ ਕੀਤਾ। ਇੰਨਸਪੈਕਟਰ ਦੀਆਂ ਅੱਖਾਂ ਲਾਲ ਹੋ ਗਈਆਂ। ਨਸਾਂ ਫਰਕਣ ਲੱਗੀਆਂ, ਇਕ ਖੌਫਨਾਕ ਡਰ ਦੀ ਪ੍ਰਤਿਕ੍ਰਿਆ 'ਚ ਖੂੰ-ਖਾਂਰਤਾ ਜਨਮ ਲੈਣ ਲੱਗੀ। ਇਸੇ ਡਰ ਤੋਂ ਬਚਣ ਦੇ ਲਈ ਉਹ ਸ਼ੇਰ ਵਾਂਗੂ ਸ਼ਿਕਾਰ ਤੇ ਟੁੱਟਦਾ ਹੈ।—ਅੱਗਾ ਪਿੱਛਾ ਭੁੱਲ ਕੇ ਖੁਦ ਜਾਨ ਦੀ ਬਾਜ਼ੀ ਝੋਕ ਦਿੰਦਾ ਹੈ। ਤਦ ਉਹਦੇ ਸਾਹਮਣੇ ਆਪਣੇ ਜੀਉਂਦੇ ਰਹਿਣ ਦੀ ਸ਼ਰਤ, ਦੂਜੇ ਨੂੰ ਮਾਰ ਦੇਣ ਦੀ ਹੋ ਜਾਂਦੀ ਹੈ। ਮੂਹਰਲੇ ਦਾ ਫ਼ਸਤਾ ਵੱਢ ਦੇਣਾ—ਅਤੇ ਇਹਦੇ ਲਈ ਉਹਦੇ ਆਪਣੇ ਕਾਇਦੇ ਕਾਨੂੰਨ ਹਨ—ਇੰਨਸਪੈਕਟਰ ਅਜੀਤ ਸਿੰਘ ਦੇ। ਕਿਸੇ ਨੂੰ ਜੀਉਂਦੇ ਰੱਖਣਾ ਜਾਂ ਮਾਰ ਦੇਣਾ ਇਹ ਅਜੀਤ ਸਿੰਘ ਤੈਅ ਕਰਦਾ ਹੈ। ਤੋਹ ਕਰਨ ਦਾ ਮਾਦਾ ਰੱਖਦਾ ਹੈ। ਕਾਨੂੰਨ ਦੀ ਹੱਦ, ਉਹਦੇ ਕੰਮ ਤੋਂ ਪਿਛੋਂ ਸ਼ੁਰੂ ਹੁੰਦੀ ਹੈ। ਕਾਨੂੰਨ ਦੇ ਮੁਤਾਬਕ ਕਤਲ, ਅਪਰਾਧ ਜਾਂ ਲੋਕਾਂ ਦੇ ਜਮਹੂਰੀ ਅਧਿਕਾਰ ਵਗੈਰਾ ਉਹਦੇ ਕੰਮ 'ਚ ਅੜਿਚਣ ਨਹੀਂ ਪਾ ਸਕਦੇ। ਜੇ ਇੰਝ ਹੁੰਦਾ ਤਾਂ ਪੁਲੀਸ ਵਿਭਾਗ ਦਾ ਨਾਂ ਰੋਸ਼ਨ ਕਰਨ ਦੀ ਬਜਾਏ ਉਹ ਕਈ ਕਤਲਾਂ ਦੇ ਜੁਰਮ 'ਚ ਫਾਂਸੀ ਲਟਕਾ ਦਿੱਤਾ ਗਿਆ ਹੁੰਦਾ—ਅਤੇ ਹੁਣ ਅਜੀਤ ਸਿੰਘ ਦੀ ਹਾਲਤ ਪਿੰਜਰੇ ਵਿਚ ਕੈਦ ਉਸ ਜਾਨਵਰ ਵਰਗੀ ਹੁੰਦੀ ਜਾ ਰਹੀ ਸੀ ਜਿਹੜਾ ਸੀਖਾਂ ਨੂੰ ਤਰੋੜ-ਮਰੋੜ ਕੇ ਬਾਹਰ ਨਿਕਲਣਾ ਚਾਹੁੰਦਾ ਹੋਵੇ।

ਇੰਸਪੈਕਟਰ ਕੁੱਦ ਕੇ ਜੀਪ 'ਚ ਜਾ ਬੈਠਾ...।

ਇਸੇ ਦਿਨ ਦੀ ਉਡੀਕ ਇੰਸਪੈਕਟਰ ਨੂੰ ਦਰਅਸਲ ਉਦੋਂ ਤੋਂ ਹੀ ਸੀ ਜਦ ਉਹ ਕਸਬਾ ਨੁਮਾ ਸ਼ਹਿਰ ਵਿਚ ਆਇਆ ਸੀ।

ਚਾਰਜ ਲੈਂਦਿਆਂ ਹੀ ਉਸ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਸਾਰੇ ਸ਼ਹਿਰ ਦਾ ਜਾਇਜ਼ਾ ਲਿਆ ਅਤੇ ਲੋੜੀਂਦੀ ਜਾਣਕਾਰੀ ਇਕੱਠੀ ਕੀਤੀ। ਚਾਰ ਪੰਜ ਥਾਵਾਂ ਤੇ ਛਾਪੇ ਮਾਰੇ। ਆਪਣੀ ਖੂੰਖਾਰਤਾ ਅਤੇ ਦਹਿਸ਼ਤ ਬਾਰੇ ਪ੍ਰਚਲਤ ਦੰਦ-ਕਥਾਵਾਂ ਨੂੰ ਅਮਲੀ ਰੂਪ ਦੇਣ ਲਈ ਸ਼ਹਿਰ ਦੇ ਬਦਨਾਮ ਖਰਾਂਟ-ਵੈਲੀ ਨੂੰ ਉਹਦੇ ਅੱਡੇ ਤੇ ਜਾ ਢਾਹਿਆ ਅਤੇ ਉੱਥੇ ਹੀ ਉਹਦੀ ਜੁੰਡੀ ਵਿਚ ਉਹਦੀ ਲੱਤ ਤੋੜ ਦਿੱਤੀ। ਘੁੰਮਦੀ ਘੁੰਮਾਉਂਦੀ ਉਹਦੀ ਗਿਰਝੀ-ਨਜ਼ਰ ਇਕ ਥਾਂ ਤੇ ਜਾ ਅਟਕੀ ਅਤੇ ਉਥੇ ਹੀ ਰਹਿ ਗਈ। ਇਹ ਥਾਂ ਸੀ ਸ਼ਹਿਰ ਦਾ ਸਿਨੇਮਾ ਘਰ ਜੋ ਵਰ੍ਹਿਆਂ ਤੋਂ ਬੰਦ ਪਿਆ ਸੀ ਅਤੇ ਜਿਸ ਉਤੇ ਸੁਰਖ਼ ਝੰਡਾ ਲਹਿਰਾ ਰਿਹਾ ਸੀ। ਇੰਸਪੈਕਟਰ ਦੇਰ ਤੱਕ ਇਕ ਟੱਕ ਉਸ ਲਹਿਰਾਉਂਦੇ ਝੰਡੇ ਨੂੰ ਵੇਖਦਾ ਰਿਹਾ। ਜੋ ਉਸ ਖੂਬਸੂਰਤ ਵਿਸ਼ਾਲ ਇਮਾਰਤ ਦੇ ਸੀਨੇ ਵਿਚ ਗੱਡਿਆ, ਜਿਵੇਂ ਚੈਲਿੰਜ ਕਰ ਰਿਹਾ ਹੋਵੇ। ਇਸ ਬਾਰੇ ਉਹ ਬਹੁਤ ਕੁਝ ਸੁਣ ਚੁੱਕਿਆ ਸੀ ਅਤੇ ਇਸ ਮਾਮਲੇ 'ਚ ਉਹਦੀ ਦਿਲਚਸਪੀ ਵੀ ਸੀ।

ਉਹਦੇ ਲਈ ਇਹ ਅਜੀਬ ਅਤੇ ਨਾ ਮੰਨਣਯੋਗ ਗੱਲ ਸੀ ਕਿ ਸ਼ਹਿਰ ਦੇ ਇਕ ਵੱਡੇ ਸੇਠ ਦਾ ਸਿਨੇਮਾ ਹਾਲ ਐਨੇ ਅਰਸੇ ਤੋਂ ਸਿਰਫ ਇਸੇ ਕਰਕੇ ਬੰਦ ਪਿਆ ਹੋਵੇ ਕਿ ਸਕੂਲਾਂ ਕਾਲਜਾਂ ਦੀ ਮੁੰਡੀਰ ਅਜਿਹਾ ਚਾਹੁੰਦੀ ਹੈ। ਇਹੀ ਨਹੀਂ, ਇਮਾਰਤ ਤੇ ਕਬਜ਼ਾ ਵੀ ਕੀਤਾ ਹੋਇਆ ਹੈ। ਪੁਲੀਸ ਦੀ ਮੱਦਦ ਨਾਲ ਅਧਿਕਾਰੀਆਂ ਨੇ ਜਦ ਵੀ ਉਹਨੂੰ ਚਾਲੂ ਕਰਨ ਦੀ ਕੋਸ਼ਿਸ਼ ਕੀਤੀ, ਵਿਦਿਆਰਥੀਆਂ ਨੇ ਤੂਫਾਨ ਖੜਾ ਕਰ ਦਿੱਤਾ। ਕੇਸ-ਹਿਸਟਰੀ ਦੇ ਪੰਨੇ ਪਲਟਦਾ ਹੋਇਆ ਇੰਸਪੈਕਟਰ ਹੈਰਾਨ ਹੋ ਰਿਹਾ ਸੀ। ਕਮਾਲ ਦੀ ਗੱਲ ਹੈ, ਵਾਰਦਾਤ ਅੱਜ ਤੋਂ ਦੱਸ ਵਰ੍ਹੇ ਪਹਿਲਾਂ ਵਾਪਰੀ ਸੀ। ਇਸ ਸਿਨੇਮਾ ਹਾਲ ਵਿਚ ਪੁਲੀਸ ਦੀ ਗੋਲੀ ਨਾਲ ਚਾਰ ਵਿਦਿਆਰਥੀ ਮਾਰੇ ਗਏ ਸੀ। ਕਾਰਣ ਚਾਹੇ ਮਾਮੂਲੀ ਸੀ ਤੇ ਗੋਲੀ ਚਲਾਉਣ ਦੀ ਨੌਬਤ ਨੂੰ ਆਸਾਨੀ ਨਾਲ ਟਾਲਿਆ ਜਾ ਸਕਦਾ ਸੀ; ਪਰ ਉਸ ਵਕਤ ਇਹ ਕਠੋਰ ਕਦਮ ਇਸ ਲਈ ਚੁੱਕਿਆ ਗਿਆ ਸੀ ਕਿ, ਜਿਸ ਤੇਜ਼ੀ ਨਾਲ ਵਿਦਿਆਰਥੀਆਂ ਦੀ ਜਥੇਬੰਦੀ ਦੀ ਤਾਕਤ ਦਿਨੋ-ਦਿਨ ਵਧ ਰਹੀ ਸੀ ਤੇ ਹਰ ਸਕੂਲ ਕਾਲਿਜ ਨੂੰ ਆਪਣੀ ਬੁੱਕਲ ਵਿਚ ਲੈ ਰਹੀ ਸੀ, ਉਸਨੂੰ ਹਰ ਢੰਗ ਨਾਲ ਦਬਾ ਦਿੱਤਾ ਜਾਏ। ਇਕ-ਮੁੱਠ ਹੋ ਰਹੀ ਤਾਕਤ ਨੂੰ ਖਿੰਡਾ ਦਿੱਤਾ ਜਾਏ। ਰਿਪੋਰਟਾਂ 'ਤੇ ਆਧਾਰਤ ਦਰਜ ਸੂਚਨਾਵਾਂ ਅਨੁਸਾਰ ਰਾਜ ਦੀ ਇਹ ਸਭ ਤੋਂ ਮਜ਼ਬੂਤ ਇਨਕਲਾਬੀ ਜਥੇਬੰਦੀ ਸੀ। ਇਸ ਨੂੰ ਤੋੜਨ ਦੀ ਕੋਸ਼ਿਸ਼ ਕਈ ਵਾਰ ਕੀਤੀ ਗਈ ਸੀ। ਕਈ ਵਿਦਿਆਰਥੀ ਆਗੂਆਂ ਨੂੰ ਕਿਸੇ ਨਾ ਕਿਸੇ ਕੇਸ 'ਚ ਫਸਾ ਕੇ ਤਸੀਹੇ ਦਿੱਤੇ ਗਏ

ਸਨ। ਕੁਝ ਕੁ ਨੂੰ ਖਤਮ ਕਰ ਦਿੱਤਾ ਗਿਆ। ਫੁੱਟ ਪਾਉਣ ਲਈ ਕਾਲਜਾਂ ਵਿਚ ਹੋਰ ਮੁਕਾਬਲੇ ਦੀਆਂ ਜਥੇਬੰਦੀਆਂ ਖੜੀਆਂ ਕੀਤੀਆਂ ਗਈਆਂ। ਪਰ ਉਨ੍ਹਾਂ ਨੂੰ ਪ੍ਰਭਾਵਹੀਣ ਬਣਾ ਕੇ ਬੁਰੀ ਤਰ੍ਹਾਂ ਖਦੇੜ ਦਿੱਤਾ ਗਿਆ ਸੀ। ਇਹ ਜਥੇਬੰਦੀ ਵਿਦਿਆਰਥੀਆਂ ਨੂੰ ਨਾ-ਸਿਰਫ ਇਕ ਜੁੱਟ ਕਰਕੇ ਜੁਝਾਰੂ ਬਣਾ ਰਹੀ ਸੀ। ਬਲਕਿ ਬਕਾਇਦਾ ਉਨ੍ਹਾਂ ਨੂੰ ਰਾਜਨੀਤਕ ਤੌਰ ਤੇ ਵੀ ਸਿਖਿਅਤ ਕਰ ਰਹੀ ਸੀ। ਲੋਕਾਂ ਦੀਆਂ ਆਮ ਮੰਗਾਂ ਨੂੰ ਲੈ ਕੇ ਇਸ ਜਥੇਬੰਦੀ ਨੇ ਹੁਣ ਤੱਕ ਕਈ ਸ਼ਾਨਦਾਰ ਘੋਲ ਲੜੇ ਸਨ। ਅਤੇ ਦਿਨੋ ਦਿਨ ਕਈ ਕਸਬਿਆਂ ਵਿਚ ਇਹਦਾ ਪ੍ਰਭਾਵ ਗਹਿਰਾ ਹੋ ਰਿਹਾ ਸੀ। ਖਤਰਾ ਬਣਦੇ ਜਾ ਰਹੇ ਇਸ ਉਮੜਦੇ ਦਰਿਆ ਨੂੰ ਕਾਬੂ ਪਾਉਣਾ ਜ਼ਰੂਰੀ ਹੋ ਗਿਆ ਸੀ।

ਪਰ ਨਤੀਜਾ ਉਲਟ ਨਿਕਲਿਆ, ਚੌਂਹ ਵਿਦਿਆਰਥੀਆਂ ਦੀ ਮੌਤ ਨੇ ਸਮੁੱਚੇ ਰਾਜ ਦੀ ਪੁਲੀਸ-ਪ੍ਰਬੰਧਕੀ ਢਾਂਚੇ ਨੂੰ ਝੰਜੋੜ ਕੇ ਰੱਖ ਦਿੱਤਾ। ਹਰ ਸ਼ਹਿਰ 'ਚ ਜਲੂਸ, ਹੜਤਾਲਾਂ, ਘਿਰਾਉ। ਹਰ ਸਕੂਲ, ਕਾਲਿਜ, ਯੂਨੀਵਰਸਿਟੀ ਬੰਦ। ਧੜਾ ਧੜ ਗ੍ਰਿਫਤਾਰੀਆਂ, ਤਸੀਹੇ, ਜੇਲ੍ਹਾਂ 'ਚ ਤੁੰਨਣ ਦਾ ਸਿਲਸਿਲਾ ਚਲਿਆ ਅਤੇ ਉਨੀ ਹੀ ਤੇਜ਼ੀ ਨਾਲ ਜੁਆਬੀ ਕਾਰਵਾਈ ਹੋਈ। ਇਹ ਇਕ ਅਜੇਹੀ ਤਾਕਤ ਸੀ ਜਿਸਦਾ ਕੋਈ ਕਿਨਾਰਾ ਨਜ਼ਰ ਨਹੀਂ ਸੀ ਪੈ ਰਿਹਾ। ਸਿਨੇਮਾ ਹਾਲ ਵਿਦਿਆਰਥੀਆਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਆਪਣੇ ਸ਼ਹੀਦ ਸਾਥੀਆਂ ਦੇ ਡੁੱਲ੍ਹੇ ਖੂਨ ਦੀ ਯਾਦ 'ਚ ਉਸ ਉਤੇ ਲਾਲ ਝੰਡਾ ਲਹਿਰਾ ਦਿੱਤਾ। ਹੁਣ ਬਰਾਬਰ ਉਨ੍ਹਾਂ ਦਾ ਪਹਿਰਾ ਲੱਗਾ ਰਹਿੰਦਾ। ਕਿਸੇ ਵੀ ਕੀਮਤ ਤੇ ਉਹ ਉਸ ਨੂੰ ਦੁਬਾਰਾ ਨਾ ਖੋਹਲਣ ਦਾ ਫੈਸਲਾ ਲੈ ਚੁੱਕੇ ਸਨ। ਸਿਨੇਮਾ ਹਾਲ ਹੁਣ ਸ਼ਹੀਦਾਂ ਦੀ ਯਾਦਗਾਰ ਬਣਨ 'ਚ ਬਦਲ ਚੁੱਕਾ ਸੀ।

ਅੰਤ 'ਚ ਅਧਿਕਾਰੀਆਂ ਦੁਆਰਾ ਮਾਮਲੇ ਨੂੰ ਲਟਕਾਉਣ ਅਤੇ 'ਫਿਲਹਾਲ' ਕੋਈ ਕਾਰਵਾਈ ਨਾ ਕਰਨ ਦਾ ਫੈਸਲਾ ਲਿਆ ਗਿਆ। ਹੌਲੀ ਹੌਲੀ ਤਣਾਉ ਘਟਣ ਲੱਗਾ। ਦਿਨ ਬੀਤਦੇ ਗਏ ਅਤੇ ਕੁਝ ਅਰਸੇ ਬਾਦ ਸ਼ਾਂਤੀ ਛਾ ਗਈ। ਦੇਖਣ 'ਚ ਸਭ ਕੁਝ ਸਧਾਰਨ-ਸੁਭਾਵਿਕ ਚਾਲ ਚਲਣ ਲੱਗਾ ਅਤੇ ਇਕ ਦਿਨ ਪੁਲੀਸ ਦੇ ਪਹਿਰੇ ਹੇਠ ਝੰਡਾ ਉਤਾਰ ਕੇ ਸਿਨੇਮਾ ਹਾਲ ਖੋਹਲ ਦਿੱਤਾ ਗਿਆ। ਪੂਰੀ ਗਾਰਦ ਉਥੇ ਤੈਨਾਤ ਕਰ ਦਿੱਤੀ ਗਈ। ਉਸੇ ਦਿਨ ਸ਼ਹਿਰ ਭਰ ਦੇ ਵਿਦਿਆਰਥੀ ਵਿਦਿਆਰਥਣਾਂ ਉਥੇ ਆ ਜੁੜੇ। ਇਥ ਹੀ ਨਹੀਂ ਜਿਵੇਂ ਜਿਵੇਂ ਰਾਤ ਢਲਣ ਲੱਗੀ ਜ਼ਿਲ੍ਹਿਆਂ ਅਤੇ ਸ਼ਹਿਰਾਂ ਤੋਂ ਉਹਨਾਂ ਦੀਆਂ ਲਾਈਨਾਂ ਸ਼ਹਿਰ 'ਚ ਉਤਰਨ ਲੱਗੀਆਂ—ਨਾਹਰੇ ਲਾਉਂਦੀਆਂ ਰੋਹ ਅਤੇ ਗੁੱਸੇ ਨਾਲ ਉਬਲਦੀਆਂ। ਆਪਣੇ ਫੈਸਲੇ ਤੇ ਅਟੱਲ। ਸ਼ਹਿਰ ਬੰਦ ਹੋ ਗਿਆ, ਹਰ ਕੰਮ-ਕਾਜ ਠੱਪ। ਮਾਹੌਲ ਦੀ ਗੰਭੀਰਤਾ ਨੂੰ ਦੇਖ ਕੇ ਮਜਬੂਰਨ ਪੁਲੀਸ ਨੂੰ ਉਥੋਂ ਹਟਣਾ ਪਿਆ। ਸਰਕਾਰ ਸਿਰ ਪਿੱਟ ਕੇ ਬਹਿ ਗਈ।

ਮਾਮਲਾ ਹੁਣ ਗੁੰਝਲਦਾਰ ਹੋ ਗਿਆ। ਸਿਨੇਮਾ ਮਾਲਿਕ ਵੱਲੋਂ ਬਰਾਬਰ ਦਬਾਅ ਅਤੇ ਦੂਜੇ ਪਾਸੇ ਸੱਤਾ ਨੂੰ ਖੁਲ੍ਹੀ ਚੁਣੌਤੀ ਦਿੱਤੇ ਜਾਣ ਦੇ ਕਾਰਨ ਸਰਕਾਰ ਦੁਆਰਾ ਹਰ ਤਰ੍ਹਾਂ ਦੇ ਕਦਮ ਉਠਾਏ ਜਾ ਚੁੱਕੇ ਸਨ। ਪਰ ਸਭ ਬੇਕਾਰ। ਵਿਦਿਆਰਥੀ ਟਸ ਤੋਂ ਮਸ ਨਹੀਂ ਹੋ ਰਹੇ ਸਨ। ਕਿਸੇ ਵੀ ਸਮਝੌਤੇ ਦੀ ਆਸ ਨਹੀਂ ਸੀ। ਆਖਿਰ ਕੀਤਾ ਕੀ ਜਾਵੇ ? ਇਹ ਕਿਵੇਂ ਹੋ ਸਕਦਾ ਹੈ ਕਿ ਸਿਨੇਮਾ ਉਨ੍ਹਾਂ ਨੂੰ ਸੌਂਪ ਦਿੱਤਾ ਜਾਏ। ਇਹ ਜਗ੍ਹਾ ਤੇ ਕਬਜ਼ੇ ਦਾ ਮਸਲਾ ਨਹੀਂ, ਸਗੋਂ ਸੱਤਾ ਨੂੰ ਵੰਗਾਰਨ ਦੀ ਕਾਰਵਾਈ ਸੀ। ਰਾਜਸੱਤਾ ਦੀ ਥਾਂ ਲੋਕਸੱਤਾ ਦੀ ਮਿਸਾਲ। ਸਭ ਤੋਂ ਖਤਰਨਾਕ ਗੱਲ। ਅਤੇ ਵਿਦਿਆਰਥੀ ਵਾਕਿਆ ਇਸੇ ਢੰਗ ਨੂੰ ਇਸਤੇਮਾਲ ਕਰ ਰਹੇ ਸਨ। ਸਵਾਲ ਸਿਨੇਮੇ ਹਾਲ ਦਾ ਨਾ ਰਹਿ ਗਿਆ ਸੀ ਹੁਣ ਦੋ ਤਾਕਤਾਂ ਦੇ ਟਕਰਾਅ ਦਾ ਯੁੱਧ ਖੇਤਰ ਬਣ ਚੁੱਕਾ ਸੀ ਜਿਸਨੂੰ ਉਹ ਆਪਣੇ ਮੰਚ ਦੇ ਤੌਰ ਤੇ ਇਸਤੇਮਾਲ ਕਰ ਰਹੇ ਸਨ। ਸਰਕਾਰ ਚੰਗੀ ਤਰ੍ਹਾਂ ਜਾਣਦੀ ਸੀ ਕਿ ਝੰਡਾ ਕਪੜੇ ਦਾ ਇਕ ਟੁਕੜਾ ਮਾਤਰ ਨਹੀਂ ਹੈ। ਸਿਨਮਾ ਹਾਲ ਤੇ ਲਹਿਰਾਉਂਦਾ ਇਹ ਝੰਡਾ, ਹਰ ਆਉਣ ਜਾਣ ਵਾਲੇ ਨੂੰ ਉਸ ਦੀ ਤਾਕਤ ਦਾ ਅਹਿਸਾਸ ਕਰਾਉਂਦਾ ਹੈ। ਉਸਨੂੰ ਆਪਣੇ ਅੰਦਰ ਝਾਕਣ ਲਈ ਮਜਬੂਰ ਕਰਦਾ ਹੈ। ਆਪਣੇ ਆਲੇ ਦੁਆਲੇ ਦੇਖਣ ਲਈ ਅੱਖਾਂ ਖੋਹਲਦਾ ਹੈ, ਕਿ ਲੋਕ ਵੇਖਣ, ਸੋਚਣ ਤੇ ਸੋਚ ਕੇ ਫਿਰ ਚੁੱਕਣ ਅਤੇ ਸਿਰ ਚੁੱਕ ਕੇ ਆਵਾਜ਼ ਬੁਲੰਦ ਕਰਨ। ਆਵਾਜ਼ ਦਬਾਏ ਜਾਣ ਤੇ ਬਗਾਵਤ ਕਰਨ। ਇਹ ਉਸੇ ਤਰ੍ਹਾਂ ਹੈ ਜਿਵੇਂ ਸੱਤਾ ਦੇ ਮੁਕਾਬਲੇ ਖੁਦ ਆਪਣੀ ਤਾਕਤ ਦੇ ਤੌਰ ਤੇ ਉਸਾਰਿਆ ਗਿਆ ਹੋਵੇ। ਇਕ ਚੁਣੌਤੀ ਦੇ ਰੂਪ ਵਿਚ ਲਹਿਰਾਉਂਦਾ ਝੰਡਾ ਸੀਨੇ 'ਚ ਖੁਭੇ ਤੀਰ ਵਾਂਗ ਹੈ। ਇਕੋ ਸਮੇਂ ਦੋ ਸੱਤਾ ਨਹੀਂ ਰਹਿ ਸਕਦੀਆਂ। ਇਕ ਦਾ ਦਮਨ ਕਰਨਾ ਜ਼ਰੂਰੀ ਹੈ। ਪਰ ਕਿਵੇਂ ?

ਸਾਲ ਬੀਤਦੇ ਗਏ। ਸਿਨੇਮਾ ਮਾਲਿਕ ਨੇ ਅਦਾਲਤ 'ਚ ਕੇਸ ਕਰ ਦਿੱਤਾ ਕਿ ਰਾਜ ਸਰਕਾਰ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਹ ਵਿਦਿਆਰਥੀਆਂ ਨਾਲ ਨਰਮੀ ਵਰਤ ਰਹੀ ਹੈ। ਜੀਹਦੀ ਵਜ੍ਹਾ ਨਾਲ ਉਹਨੂੰ ਨੁਕਸਾਨ ਹੋ ਰਿਹਾ ਹੈ। ਅਦਾਲਤ ਨੇ ਫੈਸਲਾ ਦਿੱਤਾ ਕਿ ਸਿਨੇਮਾ ਹਾਲ ਤੁਰੰਤ ਮਾਲਿਕ ਦੇ ਸਪੁਰਦ ਕੀਤਾ ਜਾਵੇ। ਪਰ ਕਿਵੇਂ ? ਕੋਈ ਹੱਲ ਨਾ ਨਿਕਲਿਆ...ਅਤੇ ਫਿਰ ਸਾਲ ਦਰ ਸਾਲ ਬੀਤਣ ਲੱਗੇ। ਹਰ ਸਾਲ ਰਾਜ ਦੇ ਕੋਨੇ ਕੋਨੇ ਤੋਂ ਵਿਦਿਆਰਥੀ ਤੇ

ਵਿਦਿਆਰਥਣਾਂ ਦਾ ਵਿਸ਼ਾਲ ਇਕੱਠ ਹੁੰਦਾ। ਉਹ ਜੋਸ਼ੀਲੇ ਨਾਹਰਿਆਂ ਨਾਲ ਸਮੁੱਚੇ ਸ਼ਹਿਰ ਨੂੰ ਹਿਲਾ ਕੇ ਰੱਖ ਦਿੰਦੇ। ਗਲੀਆਂ-ਬਾਜ਼ਾਰ ਇਕ ਵਾਰ ਗੂੰਜ ਉਠਦੇ। ਸ਼ਹਿਰ ਦੇ ਸ਼ਹਿਰੀ ਆਪਣੇ ਰੋਜ਼-ਮਰਾ ਕੰਮ ਕਾਜ ਛੱਡ ਛੱਡ ਕੇ ਉਸ ਅਜਿੱਤ ਜੋਸ਼ੀਲੇ ਜਲੂਸ ਪਿੱਛੇ ਹੋ ਤੁਰਦੇ। ਯਾਦਗਾਰ ਭਵਨ ਪਹੁੰਚ ਕੇ ਭਾਸ਼ਣ ਹੁੰਦੇ। ਝੰਡਾ ਲਹਿਰਾਇਆ ਜਾਂਦਾ। ਸ਼ਹੀਦਾਂ ਨੂੰ ਅਧੂਰੇ ਕੰਮ ਨੂੰ ਪੂਰਾ ਕਰਨ ਦੀ ਕਸਮ ਖਾਧੀ ਜਾਂਦੀ। ਇਉਂ ਸ਼ਹੀਦੀ ਦਿਵਸ ਮਨਾਇਆ ਜਾਂਦਾ...ਫਾਈਲ ਪੜ੍ਹਨ ਤੋਂ ਬਾਅਦ ਇੰਸ-ਪੈਕਟਰ ਅਜੀਤ ਸਿੰਘ ਨੂੰ ਲੱਗਿਆ ਸੀ ਕਿ ਦੁਸ਼ਮਣ ਉਹਦੇ ਇਲਾਕੇ 'ਚ ਉਹਦੇ ਸਾਹਮਣੇ ਖੜਾ ਲਲਕਾਰ ਰਿਹਾ ਹੈ। ਉਸ ਨੂੰ ਗੁੱਸਾ ਆ ਗਿਆ ਸੀ। ਇਹ ਪ੍ਰਤੱਖ ਸੀ ਕਿ ਦੁਸ਼ਮਣ ਕਮਜ਼ੋਰ ਨਹੀਂ, ਫਿਰ ਵੀ ਉਹ ਸ਼ਿੱਦਤ ਨਾਲ ਉਸ ਦਿਨ ਦਾ ਇੰਤਜ਼ਾਰ ਕਰ ਰਿਹਾ ਸੀ। ਸ਼ਹੀਦੀ ਦਿਨ ਮਨਾਉਣ ਲਈ ਵਿਦਿਆਰਥੀ ਇਕੱਠੇ ਹੋਣ ਵਾਲੇ ਸਨ ਅਤੇ ਅੱਜ ਉਹ ਦਿਨ ਆ ਗਿਆ ਸੀ।

ਲਾਲ ਝੰਡੇ, ਨਾਹਰੇ, ਬੈਨਰ, ਡਾਗਾਂ ਅਤੇ ਜਜ਼ਬਾਤ ਨਾਲ ਝੂਮਦੇ ਅਣਗਿਣਤ ਸਿਰ ਚਾਰੇ ਪਾਸੇ ਨਜ਼ਰ ਆ ਰਹੇ ਸਨ। ਉਹ ਸਾਰੇ ਹਾਲ ਦੇ ਬਾਹਰ ਵਾਰ ਇਕੱਠੇ ਹੋ ਚੁੱਕੇ ਸਨ। ਮੁੱਖ ਸੜਕ ਤੇ ਆਵਾਜਾਈ ਰੁਕ ਗਈ ਸੀ। ਪਰ ਰਾਹੀ, ਪੈਦਲ, ਰਿਕਸ਼ਾ, ਸਕੂਟਰ, ਸਾਈਕਲ ਸਵਾਰ ਨਾ ਤਾਂ ਚਿੜਚਿੜਾਉਂਦੇ ਸਨ ਤੇ ਨਾ ਹੀ ਪਰੇਸ਼ਾਨ ਸਨ, ਗੰਭੀਰ ਸਨ। ਉਹ, ਉਸ ਸਨਸਨੀ ਨੂੰ ਮਹਿਸੂਸ ਕਰ ਰਹੇ ਸੀ ਜੋ ਸਿਨੇਮਾ ਹਾਲ ਤੋਂ ਲੈ ਕੇ ਸੜਕ ਤੱਕ ਦੀ ਹਵਾ 'ਚ ਫੈਲੀ ਹੋਈ ਸੀ, ਅਤੇ ਜੀਹਦੇ ਵੱਸ ਉਹ ਆਪਣੀ ਛੋਟੀ ਮੋਟੀ ਚਿੰਤਾ ਨੂੰ ਭੁੱਲ ਚੁੱਕੇ ਸਨ। ਇਥੋਂ ਤੱਕ ਘੇਰਾ ਬੰਨ੍ਹੀ ਖੜੇ ਪੁਲਸੀਏ ਜਵਾਨ ਸੁੰਨ ਅਤੇ ਆਤਮਹੀਨ ਅਵਸਥਾ 'ਚ ਖੜੇ ਸਨ। ਸਿਰਫ਼ ਉਨ੍ਹਾਂ ਦੀਆਂ ਵਰਦੀਆਂ ਉਨ੍ਹਾਂ ਨੂੰ ਬਾਕੀ ਲੋਕਾਂ ਤੋਂ ਨਿਖੇੜ ਰਹੀਆਂ ਸਨ।

ਜੋਸ਼ ਨਾਲ ਲਬਾਲਬ ਹਜ਼ਾਰਾਂ ਨੌਜਵਾਨਾਂ ਦੇ ਇਸ ਇਕੱਠ 'ਚ ਸਨੌਟਾ ਛਾਇਆ ਹੋਇਆ ਸੀ। ਘਨਘੋਰ ਸਨੌਟਾ। ਹਜ਼ਾਰਾਂ ਜੋਸ਼ੀਲੇ ਅਤੇ ਉਬਲਦੇ ਰੋਹ ਨਾਲ ਭਰੇ ਲੋਕਾਂ ਦੀ ਹਾਜ਼ਰੀ 'ਚ ਅਜਿਹਾ ਸਨੌਟਾ ਹੋਣਾ—ਆਪਣੇ ਆਪ ਵਿਚ ਇਕ ਪੂਰੀ ਕਹਾਣੀ ਹੈ। ਉਹਨੂੰ ਛੇੜਣ ਜਾਂ ਤੋੜਨ ਦਾ ਕੋਈ ਹੌਸਲਾ ਨਹੀਂ ਕਰਦਾ, ਕਿਉਂਕਿ ਉਹ ਪੱਥਰ ਦੀ ਤਰ੍ਹਾਂ ਟੁੱਟਦਾ ਹੈ। ਇਨਸਪੈਕਟਰ ਅਜੀਤ ਸਿੰਘ ਇਹ ਨਾ ਵੀ ਜਾਣਦਾ ਹੁੰਦਾ ਤਾਂ ਇਸ ਸਮੇਂ ਆਪਣੇ ਜੁਆਨਾਂ ਦੀ ਹਾਲਤ ਦੇਖ ਕੇ ਜਾਣ ਜਾਂਦਾ।

ਸਨੌਟਾ ਛਾਣ ਤੋਂ ਪਹਿਲਾਂ ਸਿਰਫ ਇਕ ਵਾਕ ਬੋਲਿਆ ਗਿਆ ਸੀ। ਸਿਨਮਾ ਹਾਲ ਤੇ ਲਹਿਰਾਉਂਦੇ ਸੁਰਖ ਝੰਡੇ ਦੇ ਥੱਲੇ ਖੜ੍ਹੇ ਪਤਲੇ ਜਿਹੇ ਪੱਗ ਵਾਲੇ ਗਭਰੂ ਨੇ ਮੁੱਠੀ ਤਾਣ ਕੇ ਆਪਣੀ ਜੋਸ਼ੀਲੀ ਆਵਾਜ਼ 'ਚ ਕਿਹਾ ਸੀ—'ਜਿਥੇ ਸ਼ਹੀਦਾਂ ਦਾ ਖੂਨ ਡੁੱਲ੍ਹਿਆ ਹੈ, ਉਥੇ ਘੁੰਗਰੂਆਂ ਦੀ ਛਣਕਾਰ ਨਹੀਂ ਪੈਣ ਦਿਆਂਗੇ।'

ਚਾਰੇ ਪਾਸੇ ਹਲਚਲ ਰੁਕ ਗਈ ਸੀ। ਇਨਸਪੈਕਟ੍ਰ ਅਜੀਤ ਸਿੰਘ ਜੁਆਨਾਂ ਨੂੰ ਨਿਰਦੇਸ਼ ਦਿੰਦਾ ਦਿੰਦਾ ਠਿਠਕ ਗਿਆ ਸੀ। ਹੱਥ ਦਾ ਰੂਲ ਹੱਥ 'ਚ ਹੀ ਉਠਿਆ ਰਹਿ ਗਿਆ। ਉਸ ਨੇ ਦੇਖਿਆ ਗਭਰੂ ਦੀ ਮੁੱਠੀ ਹਵਾ 'ਚ ਤਣੀ ਸੀ। ਸਾਹ ਦੇ ਉਭਾਰ ਨਾਲ ਉਸਦੀਆਂ ਨਸਾਂ, ਬਾਰ ਬਾਰ ਫੁੱਲ ਰਹੀਆਂ ਸਨ। ਸਾਰੇ ਜਿਸਮ ਦਾ ਲਹੂ ਜਿਵੇਂ ਉਸਦੇ ਚਿਹਰੇ 'ਤੇ ਸਮਾ ਗਿਆ ਹੋਏ। ਅੱਖਾਂ ਤਰਲ ਸਨ।

ਇਨਸਪੈਕਟਰ ਨੇ ਇਧਰ ਉਧਰ ਦੇਖਿਆ ਅਤੇ ਹੈਰਾਨੀ ਨਾਲ ਦੇਖਦਾ ਹੀ ਰਹਿ ਗਿਆ। ਇਕ-ਦੋ-ਤਿੰਨ, ਤਿੰਨ ਸੌ—ਜਿਥੋਂ ਤੱਕ ਵੀ ਨਜ਼ਰ ਗਈ, ਉਹੀ ਆਲਮ, ਉਹੀ ਚਿਹਰਾ, ਉਸੇ ਗਭਰੂ ਦੇ ਚਿਹਰੇ ਦੀ ਤਰ੍ਹਾਂ ਸੁਰਖ਼ ਸੀ, ਉਂਝ ਹੀ ਸਾਹ ਦਾ ਉਭਾਰ ਸੰਭਾਲੇ ਹੋਏ। ਮੁੰਡਿਆਂ ਦੀਆਂ ਅੱਖਾਂ, ਉਸ ਮੁੰਡੇ ਤੇ ਟਿਕੀਆਂ ਹੋਈਆਂ ਸਨ ਅਤੇ ਫ਼ਿਜ਼ਾ 'ਚ ਉਹ ਸ਼ਬਦ ਤੈਰ ਰਹੇ ਸਨ...। ਘੁੰਗਰੂਆਂ ਦੀ ਛਣਕਾਰ ਅਸੀਂ ਨਹੀਂ ਪੈਣ ਦਿਆਂਗੇ, ਨਹੀਂ ਪੈਣ ਦਿਆਂਗੇ।

ਹਰ ਚਿਹਰਾ ਇਹੋ ਕਹਿ ਰਿਹਾ ਸੀ। ਅੱਖਾਂ ਦੁਹਰਾ ਰਹੀਆਂ ਸਨ। ਇਸ ਇਕ ਵਾਕ ਪਿਛੇ ਅਥਾਹ ਤਾਕਤ ਦਾ ਇਹ ਹਜੂਮ ਅਟਕਿਆ ਸੀ। ਜ਼ਰਾ ਵੀ ਵਹਿਣ ਦਾ ਮੌਕਾ ਮਿਲੇ ਕਿ ਹਰ ਰੋੜਾ ਪੱਥਰ ਹੂੰਝ ਕੇ ਲੈ ਜਾਵੇਗਾ। ਇਕ ਵਾਰ ਤਾਂ ਇਸ ਦੀ ਕਲਪਣਾ ਕਰਕੇ, ਇੰਨਸਪੈਕਟਰ ਅਜੀਤ ਸਿੰਘ ਵੀ ਠਿਠੰਬਰ ਗਿਆ। ਰੂਲ ਘੁਮਾਉਂਦੇ ਹੋਏ ਉਸ ਨੇ ਇਕ ਚੱਕਰ ਖਾਮਖਾਂ ਇਧਰ ਤੋਂ ਉਧਰ ਲਾਇਆ ਪਰ ਮਹੌਲ 'ਚ ਆਪਣਾ ਇਸ ਤਰ੍ਹਾਂ ਚਲਣਾ ਉਸ ਨੂੰ ਖੁਦ ਨੂੰ ਅਸੁਭਾਵਿਕ ਜਿਹਾ ਲੱਗਿਆ। ਉਹਨੂੰ ਸਮਝ ਨਹੀਂ ਆ ਰਹੀ ਸੀ, ਕਿ ਉਹ ਆਪਣੇ ਜੁਆਨਾਂ ਤੇ ਖਿੱਝੇ ਜਾਂ ਉਹਨਾਂ ਨੂੰ ਥੱਪੜ ਮਾਰਨ ਲਗੇ, ਜੋ ਬੁੱਤਾਂ ਵਾਂਗ ਇੰਝ ਖੜੇ ਹਨ ਜਿਵੇਂ ਉਹਨਾਂ ਦੀ ਜਾਨ ਖਿੱਚ ਲਈ ਗਈ ਹੋਵੇ। ਉਹਨਾਂ ਦੀ ਹਾਲਤ ਦੇਖ ਕੇ ਉਹਨੂੰ ਬਾਰ ਬਾਰ ਇੰਝ ਲੱਗ ਰਿਹਾ ਸੀ, ਜਿਵੇਂ ਇਸ ਭਾਰੀ ਇਕੱਠ 'ਚ ਉਹ ਬਿਲਕੁੱਲ ਇੱਕਲਾ ਅਤੇ ਨਿਹੱਥਾ ਰਹਿ ਗਿਆ ਹੋਵੇ। ਉਹਦੀਆਂ ਉਤਾਂਹ ਨੂੰ ਕੀਤੀਆਂ ਮੁੱਛਾਂ, ਤਿੱਖੀ ਪੱਗ ਬਿਲਕੁੱਲ ਬੇ-ਅਸਰ ਹੋ ਗਈ ਹੋਵੇ ਅਤੇ ਸਾਰੀ ਤਾਕਤ ਤਿਪਤਿਪ ਕਰਕੇ ਨੁੱਚੜ ਰਹੀ ਹੋਵੇ। ਉਹ ਹੈਰਾਨ ਸੀ ਅਜਿਹਾ ਅਹਿਸਾਸ ਉਸ ਨੂੰ ਅੱਜ ਤੱਕ ਨਹੀਂ ਸੀ ਹੋਇਆ।

"ਇਸ ਇਮਾਰਤ ਤੇ ਲਹਿਰਾਉਂਦਾ ਝੰਡਾ ਏਕਤਾ ਅਤੇ ਤਾਕਤ ਦਾ ਸਬੂਤ ਹੈ ਅਤੇ ਇਹ ਇਉਂ ਹੀ ਲਹਿਰਾਉਂਦਾ ਰਹੇਗਾ", ਉਸ ਸੰਨਾਟੇ 'ਚ ਮੁੰਡੇ ਦੀ ਆਵਾਜ਼ ਫਿਰ ਗੂੰਜੀ। ਇੰਨਸਪੈਕਟਰ ਨੂੰ ਲੱਗਿਆ ਕਿ ਜਿਵੇਂ ਹਰ ਚਿਹਰਾ ਹੂ-ਬ-ਹੂ ਇਹੋ ਕਹਿ ਰਿਹਾ ਹੋਵੇ। ਉਸ ਗਭਰੂ ਦੀ ਆਵਾਜ਼ 'ਚ ਹੀ ਜਿਵੇਂ ਇਹਨਾਂ ਸਾਰਿਆਂ ਦੀ ਆਵਾਜ਼ ਸ਼ਾਮਲ ਹੋਵੇ।

ਅਤੇ ਇਸ ਵਾਰ, ਇਸ ਇਕਰੂਪਤਾ ਨੂੰ ਮਹਿਸੂਸ ਕਰਦੇ ਹੀ ਯੱਕਾਯਕ ਉਹਦੀ ਉਲਝਨ ਦੂਰ ਹੋ ਗਈ। ਝੱਟ ਹੀ ਉਹਨੂੰ ਸਮਝ ਆਈ ਕਿ ਬਾਰ-ਬਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਪੁਲੀਸ, ਸਰਕਾਰ ਦਾ ਕੋਈ ਪੈਂਤੜਾ ਕਾਮਯਾਬ ਨਹੀਂ ਹੋਇਆ ਮੁੰਡੀਰ ਦੇ ਚਾਹੁੰਣ ਤੇ ਹੀ ਸਿਨੇਮਾ ਹਾਲ ਇੰਨੇ ਵਰ੍ਹਿਆਂ ਤੋਂ ਕਿਉਂ ਬੰਦ ਪਿਆ ਰਿਹਾ ਹੈ, ਅਤੇ ਉਹ ਖੁਦ ਇਸ ਸਮੇਂ ਸਥਿਲਤਾ ਕਿਉਂ ਮਹਿਸੂਸ ਕਰ ਰਿਹਾ ਹੈ...ਝੰਡੇ ਥੱਲੇ ਖੜੇ ਬੋਲ ਰਹੇ ਮੁੰਡੇ ਦੀ ਥਾਂ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਖੜਾ ਕਰ ਦਿੱਤਾ ਜਾਵੇ, ਉਸ ਦੀ ਆਵਾਜ਼ 'ਚ ਵੀ ਉਹੀ ਵੱਲਵਲੇ ਹੋਣਗੇ, ਜ਼ੁਬਾਨ ਤੋਂ ਉਹੀ ਸ਼ਬਦ ਨਿਕਲਣਗੇ, ਜਿਹੜੇ ਸਾਰਿਆਂ ਦੇ ਦਿਲਾਂ ਵਿਚ ਧੜਕ ਰਹੇ ਹਨ। ਅਤੇ ਉਹੋ ਜਿਹਾ ਹੀ ਅਸਰ ਦਿਖਾਉਣਗੇ ਕਿ ਲੱਗੇ ਹਰ ਚਿਹਰਾ ਬੋਲ ਰਿਹਾ ਹੈ। ਇਹ ਲੋਕਾਂ ਦੀ ਉਹ ਜੇਹੀ ਭੀੜ ਨਹੀਂ ਜਿਹਦੇ ਤੇ ਉਹ ਲਾਮ੍ਹਲਸ਼ਕਰ ਲੈ ਕੇ ਟੁੱਟ ਪੈਂਦਾ ਹੁੰਦਾ ਸੀ। ਅੱਜ ਪਹਿਲੀ ਵਾਰ, ਬਾਰ ਬਾਰ ਕੋਸ਼ਿਸ਼ ਕਰਨ ਤੇ ਵੀ, ਉਸ ਆਵੇਗ ਨੂੰ ਮਹਿਸੂਸ ਨਹੀਂ ਕਰ ਰਿਹਾ ਸੀ, ਜਿਹੜਾ ਉਹਨੂੰ ਖੂੰਖਾਰ ਬਣਾ ਦਿੰਦਾ ਸੀ।

ਇਹ ਝੰਡਾ ਲਹਿਰਾਉਂਦਾ ਰਹੇਗਾ, ਕਿਉਂਕਿ ਪਿਛਲੇ ਦਸ ਸਾਲਾਂ ਤੋਂ ਲਹਿਰਾ ਰਿਹਾ ਹੈ। ਨਾ ਚਾਹੁੰਦੇ ਹੋਏ ਵੀ ਇੰਨਸਪੈਕਟਰ ਅਜੀਤ ਸਿੰਘ ਦੇ ਮਨ 'ਚ ਇਹ ਅਚਾਨਕ ਖਿਆਲ ਆਇਆ ਅਤੇ ਇਸ ਬਾਰ ਜੁਆਨਾਂ ਦੇ ਚਿਹਰੇ ਤੱਕ ਕੇ ਉਸ ਨੂੰ ਖਿਝ ਨਹੀਂ ਹੋਈ। ਉਹ ਉਹਨੂੰ ਬੱਚਿਆਂ ਜਿਹੇ ਲਗੇ ਜਿਹੜੇ ਇਮਤਿਹਾਨ ਵਿਚ ਇਕ-ਦਮ ਸਭ ਕੁੱਝ ਸਿੱਖਿਆ ਸਿੱਖਾਇਆ ਭੁੱਲ ਗਏ ਹੋਣ।

('ਸਾਰਿਕਾ' 'ਚੋਂ ਧੰਨਵਾਦ ਸਹਿਤ
ਅਨੁਵਾਦਕ ਨ: ਕਰਤਾਰ

---

## ਜਨਤਾ ਦੇ ਵਿਚੋਂ ਪੈਦਾ ਹੋਇਆ ਹੈ ਨੁੱਕਰ ਨਾਟਕ

[ਚੇਤੰਨ ਲੋਕ ਭਾਵੇਂ ਕਿਸੇ ਵੀ ਖੇਤਰ 'ਚ ਹੋਣ, ਉਹ ਵੱਖ ਵੱਖ ਢੰਗਾਂ ਰਾਹੀਂ ਆਮ ਜਨਤਾ ਨੂੰ ਇਸ ਲੁਟੇਰੇ ਨਿਜ਼ਾਮ ਦੀ ਖਸਲਤ ਸਮਝਾ ਰਹੇ ਹਨ ਤੇ ਇਸ ਨੂੰ ਬਦਲਣ ਲਈ ਪ੍ਰੇਰ ਰਹੇ ਹਨ। ਕਲਾ ਇਸ ਲਈ ਇਕ ਅਹਿਮ ਹਥਿਆਰ ਹੈ। ਅਜਿਹੇ ਹੀ ਇਕ ਲੋਕ ਪੱਖੀ ਕਲਾਕਾਰ ਚੰਦਰੇਸ਼ ਨਾਲ ਜਨਸਤਾ (24.7.85) ਦੇ ਪੱਤਰਕਾਰ ਮੁਨੋਹਰ ਨਾਇਕ ਦੀ ਹੋਈ ਗੱਲਬਾਤ ਦਾ ਪੰਜਾਬੀ ਰੂਪ 'ਸਮਤਾ' ਦੇ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਤਾਂ ਕਿ ਸਾਨੂੰ ਸਾਰਿਆਂ ਨੂੰ ਅਹਿਸਾਸ ਹੋਵੇ ਕਿ ਇਸ ਗਲਤ ਨਿਜ਼ਾਮ ਦੇ ਖਿਲਾਫ਼ ਜੂਝਣ ਵਾਲਿਆਂ 'ਚ ਅਸੀਂ ਇਕੱਲੇ ਨਹੀਂ ਹਾਂ, ਸਗੋਂ ਹੋਰ ਵੀ ਬਹੁਤ ਸਾਰੇ ਲੋਕ ਹਨ। ਸਮੇਂ ਦੀ ਲੋੜ ਹੈ ਸਾਰੀਆਂ ਅਗਾਂਹਵਧੂ ਸ਼ਕਤੀਆਂ ਨੂੰ ਇਕੱਠਾ ਕਰਨ ਦੀ ਤੇ ਇਕਜੁੱਟ ਹੋ ਕੇ ਲੜਨ ਦੀ। ਅਜਿਹੀ ਲੜਾਈ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖ਼ਤਮ ਕਰ ਸਕੇ।] **—ਇੰਦਰਜੀਤ**

---

ਨੁੱਕਰ ਨਾਟਕ ਦੇ ਖੇਤਰ 'ਚ ਚੰਦਰੇਸ਼ ਇਕ ਚਰਚਿਤ ਨਾਂ ਹੈ। ਭਾਗਲਪੁਰ (ਬਿਹਾਰ) 'ਚ ਆਪਣੀ ਸੰਸਥਾ 'ਦਿਸ਼ਾ' ਲੋਕ ਸਭਿਆਚਾਰਕ ਮੰਚ ਦੇ ਜ਼ਰੀਏ ਉਹ ਪਿਛਲੇ ਅੱਠ ਸਾਲਾਂ ਤੋਂ ਨੁੱਕਰ ਨਾਟਕ 'ਤੇ ਕੰਮ ਕਰ ਰਹੇ ਹਨ। 'ਸਿਗਰਟ', 'ਜਨਤਾ ਪਾਗਲ ਹੋ ਗਈ ਹੈ', 'ਸਵਾ ਸੇਰ ਕਣਕ', 'ਕਫ਼ਨ', 'ਮਸ਼ੀਨ', 'ਅਸੀਂ ਇਕ ਹਾਂ', 'ਜ਼ਰਾ ਸੋਚੋ', 'ਮੈਨੂੰ ਬੋਲਣ ਦਿਉ', 'ਜ਼ਿੰਦਾਬਾਦ-ਮੁਰਦਾਬਾਦ', 'ਹਨੇਰੇ ਦੇ ਖਿਲਾਫ਼', 'ਤਮਾਸ਼ਾ', 'ਔਰਤ' ਆਦਿ ਅਨੇਕ ਨੁੱਕਰ ਨਾਟਕਾਂ ਦੇ ਸ਼ੋਅ 'ਦਿਸ਼ਾ' ਕਰ ਚੁੱਕੀ ਹੈ। ਆਪਣੇ ਨਾਟਕਾਂ ਨੂੰ ਲੈ ਕੇ 'ਦਿਸ਼ਾ' ਦੇ ਕਲਾਕਾਰਾਂ ਨੂੰ ਪੁਲਸ ਪ੍ਰਸ਼ਾਸਨ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਹੈ। ਇਥੋਂ ਤੱਕ ਕਿ 'ਤੁਰੰਤ ਇਲਾਕਾ ਛੱਡ ਦੇਣ' ਦੀ ਧਮਕੀ ਵੀ ਮਿਲੀ ਹੈ। ਪਰ 28 ਸਾਲਾ ਚੰਦਰੇਸ਼ ਕਹਿੰਦੇ ਹਨ ਕਿ "ਜਦ ਉੱਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ"। ਉਹਨਾਂ ਨਾਲ ਗੱਲਬਾਤ ਦੇ ਕੁਝ ਅੰਸ਼ :

ਸਵਾਲ : ਰੰਗਮੰਚ ਵੱਲ ਤੁਹਾਡਾ ਧਿਆਨ ਕਦੋਂ ਤੋਂ ਹੈ ? ਨੁੱਕਰ ਨਾਟਕ ਨਾਲ ਪੂਰੀ ਤਰ੍ਹਾਂ ਤੁਸੀਂ ਕਿਸ ਵਿਚਾਰ ਨਾਲ ਜੁੜੇ ?

ਜਵਾਬ : ਕਾਲਜ ਯੂਨੀਵਰਸਿਟੀ ਦੇ ਦਿਨਾਂ ਵਿਚ ਰੰਗਮੰਚ ਨਾਲ ਜੁੜਿਆ ਰਿਹਾ। ਸੰਨ 1978 'ਚ ਅਸੀਂ ਆਪਣੀ ਸੰਸਥਾ 'ਦਿਸ਼ਾ' ਬਣਾਈ ਅਤੇ ਉਦੋਂ ਤੋਂ ਹੀ ਨੁੱਕਰ ਨਾਟਕ ਨਾਲ ਜੁੜਿਆ ਹੋਇਆ ਹਾਂ। ਨੁੱਕਰ ਨਾਟਕ ਦੇ ਨਾਲ ਜੁੜਨ ਦੇ ਪਿੱਛੇ ਕਾਰਣ ਤੇਜ਼ੀ ਨਾਲ ਇਹ ਮਹਿਸੂਸ ਹੁੰਦਾ ਸੀ ਕਿ ਰੰਗਮੰਚ ਦੀ ਜੋ ਸਥਿਤੀ

ਹੈ, ਉਸ 'ਚ ਅਸੀਂ ਆਪਣੀ ਗੱਲ ਕਹਿ ਨਹੀਂ ਰਹੇ। ਸਾਧਨਾਂ ਦੀ ਕਮੀ ਦੇ ਕਾਰਣ ਰੰਗਮੰਚ ਦੇ ਚੌਖਟੇ 'ਚੋਂ ਨਿਕਲਣਾ ਜ਼ਰੂਰੀ ਹੈ, ਤਦ ਹੀ ਉਸ ਹਾਲਤ 'ਚ ਲੋਕਾਂ ਨਾਲ ਸਿੱਧਾ ਸੰਪਰਕ ਹੋ ਸਕਦਾ ਹੈ।

ਸਵਾਲ : ਪ੍ਰੋਸ਼ੀਨਿਜ਼ਮ ਥੀਏਟਰ ਅਤੇ ਇਸ ਤਰ੍ਹਾਂ ਦੇ ਖੁਲ੍ਹੇ ਰੰਗਮੰਚ 'ਚ ਤੁਸੀਂ ਕੀ ਬੁਨਿਆਦੀ ਫ਼ਰਕ ਦੇਖਦੇ ਹੋ ?

ਜਵਾਬ : ਪ੍ਰੋਸ਼ੀਨਿਜ਼ਮ ਥੀਏਟਰ ਦਾ ਢਾਂਚਾ ਯਥਾ-ਰਥਵਾਦੀ ਹੈ। ਉਥੇ ਠਾਠ-ਬਾਠ ਦੀਆਂ ਹਾਲਤਾਂ ਹਨ। ਇਸ ਢਾਂਚੇ ਨੂੰ ਮੱਦੇ ਨਜ਼ਰ ਰੱਖ ਕੇ ਹੀ ਸਕਰਿਪਟ ਤਿਆਰ ਕੀਤੇ ਜਾਂਦੇ ਹਨ, ਹਰ ਰੋਜ਼ ਦੀਆਂ ਸਮੱਸਿਆਵਾਂ ਨਾਲ ਕੋਈ ਸਿੱਧਾ ਤੁਅੱਲਕ ਨਹੀਂ ਹੁੰਦਾ। ਅਸੀਂ ਇਸ ਧਾਰਨਾ ਨੂੰ ਤੋੜ ਕੇ ਇਕ ਨਵੇਂ ਰੰਗਮੰਚ ਦੀ ਤਲਾਸ਼ ਵਿਚ ਹਾਂ। ਸਾਡੇ ਇੱਥੇ ਪੁਰਾਣੀ ਪ੍ਰੰਪਰਾ ਹੈ। ਨਾਟਕਾਂ ਨੇ ਜਨਤਾ ਵਿਚੋਂ ਹੀ ਜਨਮ ਲਿਆ ਹੈ।

ਸਵਾਲ : ਕੀ ਸਾਡੇ ਪੁਰਾਣੇ ਲੋਕ ਨਾਟਕ ਰੂਪਾਂ ਦਾ ਨੁੱਕਰ ਨਾਟਕਾਂ ਦੇ ਲਈ ਕੋਈ ਰਚਨਾਤਮਕ ਉਪ-ਯਗ ਹੈ ?

ਜਵਾਬ—ਅੱਲ੍ਹਾ ਊਦਨ ਦਾ ਗਾਇਨ ਜਾਂ ਜੰਬੂਰਾ ਸ਼ੈਲੀ ਆਦਿ ਇਸ ਤਰਾਂ ਦੀਆਂ ਜੋ ਹੋਰ ਸ਼ੈਲੀਆਂ ਹਨ, ਦਾ ਸਿਰਜਨਾਤਮਕ ਉਪਯੋਗ ਨੁੱਕਰ ਨਾਟਕਾਂ 'ਚ ਸੰਭਵ ਹੈ। "ਸਮਰੱਥ ਨੂੰ ਨਹੀਂ ਦੋਸ਼ ਗੁਸਾਈਂ"; "ਸਵਾ ਸੇਰ ਕਣਕ", "ਜੰਗੀ ਰਾਮ ਦੀ ਹਵੇਲੀ", "ਹਨੇਰੇ ਦੇ ਖ਼ਿਲਾਫ਼" ਅਜਿਹੇ ਨਾਟਕ ਹਨ, ਜਿਨ੍ਹਾਂ 'ਚ ਸ਼ੈਲੀ, ਸ਼ਿਲਪ ਤੇ ਤਕਨੀਕ ਆਦਿ ਦਾ ਬਿਲਕੁਲ ਨਵਾਂ ਪ੍ਰਯੋਗ ਹੈ।

ਸਵਾਲ—ਲੋਕਾਂ ਤੇ ਨੁੱਕਰ ਨਾਟਕਾਂ ਦਾ ਕੀ ਪ੍ਰਭਾਵ ਪੈਂਦਾ ਹੈ ? ਕੀ ਇਹਨਾਂ ਨਾਟਕਾਂ ਦਾ ਆਪਣਾ ਕੋਈ ਪੱਕਾ ਦਰਸ਼ਕਵਰਗ ਹੈ ?

ਜਵਾਬ—ਭਾਗਲਪੁਰ 'ਚ ਪਹਿਲੀ ਵਾਰ ਅਸੀਂ ਚੈਖਵ ਦੀ ਕਹਾਣੀ ਤੇ ਅਧਾਰਤ 'ਗਿਰਗਟ' ਨਾਟਕ ਖੇਡਿਆ। (ਇਹ ਬਿਹਾਰ 'ਚ ਹੋਣ ਵਾਲਾ ਪਹਿਲਾ ਨੁੱਕਰ ਨਾਟਕ ਸੀ।) ਸੋ ਦਰਸ਼ਕਾਂ ਨੂੰ ਬੜਾ ਅਜੀਬ ਲੱਗਾ। ਨਾਟਕ ਇਸ ਰੂਪ 'ਚ ਵੀ ਹੋ ਸਕਦੇ ਹਨ, ਇਹ ਉਹਨਾਂ ਦੀ ਕਲਪਨਾ ਤੋਂ ਪਰੇ ਸੀ। ਲੇਕਿਨ ਜਦ ਅਸੀਂ ਪੰਜਾਹ-ਸੌ ਸ਼ੋਅ ਕੀਤੇ ਤਾਂ ਲੋਕ ਸਹਿਜੇ ਸਹਿਜੇ ਇਸ ਨਾਲ ਜੁੜਨ ਲੱਗੇ। ਉਹਨਾਂ ਨੂੰ ਆਪਣੀ ਹਿੱਸੇਦਾਰੀ ਦਾ ਵੀ ਅਹਿਸਾਸ ਹੋਣ ਲੱਗਾ। ਹੁਣ ਹਾਲਤ ਇਹ ਹੈ ਕਿ ਭਾਗਲਪੁਰ ਅਤੇ ਇਸ ਦੇ ਆਲੇ-ਦੁਆਲੇ ਦੇ ਅਨੇਕ ਪਿੰਡਾਂ 'ਚ ਲੋਕ "ਦਿਸ਼ਾ" ਤੇ ਨੁੱਕਰ ਨਾਟਕਾਂ ਤੋਂ ਜਾਣੂ ਹਨ।

ਹਾਲੇ ਸਾਡੇ ਦੇਸ਼ ਵਿਚ ਸਭਿਆਚਾਰਕ ਖੜੋਤ ਦੀ ਹਾਲਤ ਹੈ। ਭਾਵ, ਆਮ ਲੋਕਾਂ ਦੀ ਸਭਿਆਚਾਰਕ ਸਰਗਰਮੀਆਂ 'ਚ ਕੋਈ ਸ਼ਮੂਲੀਅਤ ਨਹੀਂ ਹੈ। ਇਸ ਸੰਦਰਭ ਵਿਚ ਉਹਨਾਂ ਦੀਆਂ ਸਭਿਆਚਾਰਕ ਜ਼ਰੂਰਤਾਂ ਨੂੰ ਪੂਰਾ ਕਰਨ 'ਚ ਸਾਨੂੰ ਇਕ ਹੱਦ ਤੱਕ ਸਫ਼ਲਤਾ ਮਿਲੀ ਹੈ। ਕਿਉਂਕਿ ਨੁੱਕਰ ਨਾਟਕਾਂ ਦਾ ਵਰਤਮਾਨ ਰਾਜਨੀਤੀ ਨਾਲ ਸਿੱਧਾ ਰਿਸ਼ਤਾ ਹੈ, ਇਸ ਲਈ ਨਾਟਕ ਦੇ ਦੌਰਾਨ ਦਰਸ਼ਕਾਂ ਦਾ ਰਾਜਨੀਤਕ ਰੂਪ ਵੀ ਹੁੰਦਾ ਹੈ। ਅਜਿਹੀ ਹਾਲਤ 'ਚ ਸਮਾਜਕ ਤਬਦੀਲੀ ਲਈ ਜ਼ਮੀਨ ਤਿਆਰ ਕਰਨ ਵਿਚ ਨੁੱਕਰ ਨਾਟਕਾਂ ਦੀ ਅਹਿਮ ਭੂਮਿਕਾ ਹੈ, ਕਿਉਂਕਿ ਅਸੀਂ ਸਭ ਮੰਨਦੇ ਹਾਂ ਕਿ ਸਭਿਆਚਾਰਕ ਚੇਤਨਾ ਦੇ ਬਗ਼ੈਰ ਰਾਜਨੀਤਕ ਚੇਤਨਾ ਅਧੂਰੀ ਹੈ। ਦੋਨਾਂ 'ਚ ਤਾਲਮੇਲ ਕਰਕੇ ਅਸੀਂ ਪਿਛਾਂਹ ਖਿੱਚੂ ਸਭਿਆਚਾਰ ਦਾ ਵੀ ਮੁਕਾਬਲਾ ਕਰਦੇ ਹਾਂ। ਭਾਵ ਦੋ ਪੱਧਰਾਂ 'ਤੇ ਇਹ ਕੰਮ ਹੁੰਦਾ ਹੈ—ਇਕ ਰਾਜਨੀਤਕ ਪੱਧਰ 'ਤੇ ਅਰਥਾਤ ਉਸ ਇਲਾਕੇ ਵਿਚ ਜਿੰਨੇ ਵੀ ਰਾਜਨੀਤਕ ਅੰਦੋਲਨ ਹੁੰਦੇ ਹਨ, ਉਹਨਾਂ ਦਾ ਸਾਡੇ ਨਾਲ ਸਿੱਧਾ ਸਬੰਧ ਹੈ। ਦੂਜੀ ਤਰਫ਼ ਪਿਛਾਂਹ ਖਿਚੂ ਸਭਿਆਚਾਰ ਦੇ ਖਿਲਾਫ਼ ਅਸੀਂ ਲੜਾਈ ਲੜਨ ਦੀ ਕੋਸ਼ਿਸ਼ ਕਰਦੇ ਹਾਂ। ਮਸਲਨ, ਭਾਗਲਪੁਰ ਦੇ ਆਲੇ ਦੁਆਲੇ ਦੇ ਪਿੰਡਾਂ 'ਚ ਇਹਨੀਂ ਦਿਨੀਂ ਵੀਡੀਓ ਅਤੇ ਬਲਿਊ ਫਿਲਮਾਂ ਦਾ ਜ਼ੋਰ ਹੈ, ਅਤੇ ਇਹ ਮੁਲਕ ਪੱਧਰ ਤੇ ਹੋ ਰਿਹਾ ਹੈ। ਨਤੀਜੇ ਵਜੋਂ ਅਜਿਹੀ ਹਾਲਤ 'ਚ ਕਈ ਵਾਰ ਅਜਿਹਾ ਹੋਇਆ ਹੈ ਕਿ ਸਾਡੇ ਸ਼ੋਅ ਅਤੇ ਵੀਡੀਓ 'ਚ ਟਕਰਾਅ ਦੀ ਸਥਿਤੀ ਆ ਗਈ। ਪਰ ਇਹਨਾਂ ਹਾਲਤਾਂ 'ਚ ਜਨਤਾ ਨੇ **ਸਾਡਾ ਕੰਮ ਦੇਖਣਾ ਪਸੰਦ ਕੀਤਾ**। ਉਸ ਦਿਨ ਵੀਡੀਓ ਸ਼ੋਅ ਬੰਦ ਹੋ ਗਏ। ਅਸੀਂ ਆਪਣਾ ਦਰਸ਼ਕ ਵਰਗ ਵੀ ਤਿਆਰ ਕੀਤਾ ਹੈ ਜੋ ਬੇਸਬਰੀ ਨਾਲ ਸਾਡੀ ਇੰਤਜ਼ਾਰ ਕਰਦਾ ਹੈ। ਦੋ ਤਿੰਨ ਪਿੰਡਾਂ ਵਿਚ ਨਾਟਕ ਮੰਡਲੀਆਂ ਬਣਾਉਣ 'ਚ ਸਾਨੂੰ ਸਫਲਤਾ ਮਿਲੀ ਹੈ।

ਸਵਾਲ : ਲੰਬੇ ਸਮੇਂ ਤੋਂ ਨੁੱਕਰ ਨਾਟਕ ਖੇਡੇ ਜਾ ਰਹੇ ਹਨ। ਕੀ ਕਾਰਣ ਹੈ ਕਿ ਹੁਣ ਤੱਕ ਇਹ ਕੋਈ ਅੰਦੋਲਨ ਦਾ ਰੂਪ ਨਹੀਂ ਲੈ ਸਕਿਆ ?

ਜਵਾਬ : ਅਜ਼ਾਦੀ ਤੋਂ ਪਹਿਲਾਂ 'ਇਪਟਾ' ਨੇ ਇਸ ਦਿਸ਼ਾ 'ਚ ਯਤਨ ਕੀਤੇ ਸਨ। ਨਾਟਕਾਂ ਨੂੰ ਲੋਕ ਅੰਦੋਲਨ ਦੇ ਰੂਪ 'ਚ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਅਤੇ ਇਕ ਹੱਦ ਤੱਕ ਇਸ ਵਿਚ ਸਫਲਤਾ ਵੀ ਮਿਲੀ। ਬਾਅਦ ਵਿਚ ਕਈ ਕਾਰਨਾਂ ਕਰਕੇ 'ਇਪਟਾ' ਖਿੰਡ ਪੁੰਡ ਗਈ। ਨੁੱਕਰ ਨਾਟਕ, ਹੁਣ ਜਿਸ ਢੰਗ ਨਾਲ ਦੇਸ਼ ਭਰ 'ਚ ਹੋ ਰਹੇ ਹਨ, ਉਹਨਾਂ ਦੀ ਕੋਈ ਕੇਂਦਰੀ ਸੰਸਥਾ ਨਹੀਂ ਹੈ। ਕਾਰਣ ਸਾਫ਼ ਹੈ, ਇਪਟਾ ਪਾਰਟੀ ਦੁਆਰਾ ਚਲਾਈ ਜਾਂਦੀ ਸੀ ਅਤੇ ਹੁਣ ਨੁੱਕਰ ਨਾਟਕਾਂ

ਦੀਆਂ, ਸੈਂਕੜੇ ਟੋਲੀਆਂ ਕਿਸੇ ਇਕ ਪਾਰਟੀ ਦੇ ਝੰਡੇ ਥੱਲੇ ਕੰਮ ਨਹੀਂ ਕਰ ਰਹੀਆਂ। ਦੂਸਰੀ ਮਾਅਰਕੇ ਦੀ ਗੱਲ ਇਹ ਹੈ ਕਿ ਸਾਡੇ ਦੇਸ਼ 'ਚ ਪਿਛਲੇ ਕੁਝ ਸਾਲਾਂ ਤੋਂ ਵੱਖ ਵੱਖ ਖੇਤਰਾਂ ਵਿਚ ਆਪ ਮੁਹਾਰੇ ਢੰਗ ਨਾਲ ਅੰਦੋਲਨ ਅਤੇ ਸੰਘਰਸ਼ ਹੋ ਰਹੇ ਹਨ । ਘੱਟ ਵੱਧ ਇਹ ਗੱਲ ਨੁੱਕਰ ਨਾਟਕ 'ਤੇ ਲਾਗੂ ਹੁੰਦੀ ਹੈ। ਪਰ ਅੰਦੋਲਨ ਸਿਰਫ਼ ਦੇਸ਼ ਪੱਧਰ 'ਤੇ ਹੀ ਨਹੀਂ ਹੁੰਦੇ, ਉਹਨਾਂ ਦਾ ਇਲਾਕਾਈ-ਸਥਾਨਕ ਮਹੱਤਵ ਵੀ ਹੁੰਦਾ ਹੈ। ਹੋ ਸਕਦਾ ਹੈ ਆਉਣ ਵਾਲੇ ਸਮੇਂ 'ਚ ਉਹ ਦੇਸ਼ ਵਿਆਪੀ ਅੰਦੋਲਨ ਦਾ ਰੂਪ ਲੈ ਲੈਣ।

ਸਵਾਲ :—ਨੁੱਕਰ ਨਾਟਕਾਂ ਦੇ ਸਬੰਧ 'ਚ ਇਕ ਧਾਰਨਾ ਹੈ ਕਿ ਜਦੋਂ ਤੱਕ ਪਾਰਟੀ ਸਰਗਰਮ ਹੈ ਤਦ ਤੱਕ ਹੀ ਨੁੱਕਰ ਨਾਟਕ ਹੈ—ਤੁਸੀਂ ਕੀ ਸੋਚਦੇ ਹੋ ?

ਜਵਾਬ :—ਆਪੋ ਆਪਣੇ ਢੰਗ ਨਾਲ ਅਨੇਕ ਟੋਲੀਆਂ ਸਰਗਰਮ ਹਨ, ਇਸ ਲਈ ਜਦ ਤੱਕ ਪਾਰਟੀ ਹੈ ਤਦ ਤੱਕ ਨਾਟਕ ਟੋਲੀ ਹੈ—ਇਹ ਆਪਣੇ ਆਪ 'ਚ ਹੀ ਵਿਰੋਧਾਭਾਸ ਦੀ ਹਾਲਤ ਹੈ, ਕਿਉਂਕਿ ਉਹਨਾਂ ਟੋਲੀਆਂ ਦੀ ਆਪਣੀ ਅਜ਼ਾਦ ਹੋਂਦ ਵੀ ਹੈ। ਇਸ ਲਈ ਪਾਰਟੀ 'ਚ ਹੋਣ ਜਾਂ ਨਾ ਹੋਣ ਨਾਲ ਸਿੱਧਾ ਸਿੱਧਾ ਤੁਸੀਂ ਇਹ ਨੂੰ ਨਹੀਂ ਜੋੜ ਸਕਦੇ। ਪਾਰਟੀ ਦੀ ਆਪਣੀ ਭੂਮਿਕਾ ਹੈ—ਅਲੱਗ ਅਲੱਗ ਜਥੇਬੰਦੀਆਂ ਹਨ, ਜੋ ਆਪਣੇ ਪੱਧਰ 'ਤੇ ਕੰਮ ਕਰ ਰਹੀਆਂ ਹਨ । ਇਹਨਾਂ ਟੋਲੀਆਂ ਦੇ ਸਭਿਆਚਾਰਕ ਤਕਾਜ਼ੇ ਜ਼ਿਆਦਾ ਹਨ—ਰਾਜਨੀਤਕ ਤਕਾਜ਼ਿਆਂ ਦੀ ਬਜਾਏ। ਇਸੇ ਲਈ ਕਿਤੇ ਪਾਰਟੀ ਨਾਲ ਸਬੰਧ ਹੈ, ਕਿਤੇ ਨਹੀਂ ਹੈ।

ਸਵਾਲ : 'ਦਿਸ਼ਾ' ਦੀ ਰਾਜਨੀਤਕ ਪ੍ਰਤੀਬੱਧਤਾ ਕੀ ਹੈ ?

ਜਵਾਬ : 'ਦਿਸ਼ਾ' ਨਾਮ ਤੋਂ ਹੀ ਇਹ ਸਾਫ਼ ਹੈ ਕਿ ਅਸੀਂ ਕਿਸੇ ਦਿਸ਼ਾ ਦੀ ਗੱਲ ਕਰਦੇ ਹਾਂ। ਦੁਨੀਆਂ 'ਚ ਰਾਜਨੀਤੀ ਤੋਂ ਪਰੇ ਤਾਂ ਕੋਈ ਚੀਜ਼ ਹੈ ਨਹੀਂ। ਸਾਡੇ ਵੀ ਆਪਣੇ ਰਾਜਨੀਤਕ ਵਿਚਾਰ ਹਨ; ਅਸੀਂ ਖੱਬੇ ਪੱਖੀ ਵਿਚਾਰਾਂ ਨਾਲ ਸਬੰਧ ਰੱਖਦੇ ਹਾਂ। ਕਿਸੇ ਪਾਰਟੀ ਨਾਲ ਸਾਡਾ ਸਿੱਧਾ ਕੋਈ ਰਿਸ਼ਤਾ ਨਹੀਂ ਹੈ, ਪਰ ਸਾਨੂੰ ਰਾਜਨੀਤੀ ਤੋਂ ਪ੍ਰਹੇਜ਼ ਨਹੀਂ ਹੈ। ਸਾਡੇ ਇਲਾਕੇ 'ਚ ਜਿੰਨੇ ਵੀ ਲੋਕ ਅੰਦੋਲਨ-ਸੰਘਰਸ਼ ਹੁੰਦੇ ਰਹੇ ਹਨ, ਉਹਨਾਂ ਨਾਲ ਸਾਡਾ ਆਤਮਕ ਸਬੰਧ ਰਿਹਾ ਹੈ ਸਿਰਫ਼ ਕਾਰਡ ਹੋਲਡਰ ਹੀ ਕਿਸੇ ਰਾਜਨੀਤਕ ਵਿਚਾਰਧਾਰਾ ਨੂੰ ਫੈਲਾਉਂਦੇ ਹਨ—ਐਸੀ ਗੱਲ ਨਹੀਂ ਹੈ। ਨੁੱਕਰ ਨਾਟਕ ਆਪਣੇ ਆਪ 'ਚ ਰਾਜਨੀਤਕ ਨਾਟਕ ਹੀ ਹੈ; ਪਰ ਸੀਮਤ ਅਰਥਾਂ 'ਚ ਰਾਜਨੀਤੀ ਦੇ ਘੇਰੇ ਤੋਂ ਅਸੀਂ ਅਣਭਿੱਜ ਹਾਂ।

ਸਵਾਲ : ਨੁੱਕਰ ਨਾਟਕ ਦੇ ਪ੍ਰਦਰਸ਼ਨ ਲਈ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?

ਜਵਾਬ : ਮੁੱਖ ਗੱਲ ਜੋ ਉੱਭਰ ਕੇ ਸਾਹਮਣੇ ਆ ਰਹੀ ਹੈ, ਉਹ ਹੈ ਕਿ ਨੁੱਕਰ ਨਾਟਕ ਕਲਾ ਦਾ ਇਕ ਜਨ-ਮਾਧਿਅਮ (Mass Media) ਹੈ ਤੇ ਇਹ ਲਗਾਤਾਰ ਪ੍ਰਭਾਵੀ ਹੁੰਦਾ ਜਾ ਰਿਹਾ ਹੈ। ਕੁਦਰਤੀ ਹੀ, ਇਸ ਇਸ ਨਾਲ ਵਿਵਸਥਾ ਦੇ ਕੰਨ ਖੜੇ ਹੋ ਗਏ ਹਨ ਅਤੇ ਕਿਉਂਕਿ ਅੰਤਮ ਤੌਰ 'ਤੇ ਇਹ ਵਿਵਸਥਾ ਵਿਰੋਧੀ ਨਾਟਕ ਹੈ, ਇਸ ਲਈ ਦੇਸ਼ ਪੱਧਰ 'ਤੇ ਨੁੱਕਰ ਨਾਟਕ ਟੋਲੀਆਂ ਅਤੇ ਉਹਨਾਂ ਨਾਲ ਜੁੜੇ ਹੋਏ ਕਲਾਕਾਰਾਂ ਨੂੰ ਕੁਚਲਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਕਈ ਅਜਿਹੇ ਮਾਮਲੇ ਸਾਹਮਣੇ ਆਏ ਜਿੰਨ੍ਹਾਂ 'ਤੇ ਕਾਫ਼ੀ ਬਹਿਸ ਹੋਈ। ਹਾਲੇ ਹੁਣੇ ਹੀ ਰਾਜਸਥਾਨ ਦੇ ਗੰਗਾਨਗਰ ਸ਼ਹਿਰ 'ਚ 'ਗਿਰਗਟ' 'ਤੇ ਪਾਬੰਦੀ ਲਗਾ ਦਿੱਤੀ ਗਈ।

ਸਵਾਲ : ਨੁੱਕਰ ਨਾਟਕ 'ਤੇ ਰਾਜਨੀਤਕ ਨਾਹਰੇਬਾਜ਼ੀ ਅਤੇ ਕਲਾ ਵਿਹੂਣਤਾ ਦੇ ਜੋ ਦੋਸ਼ ਲਗਾਏ ਜਾਂਦੇ ਹਨ, ਇਸ ਸਬੰਧ 'ਚ ਤੁਹਾਡਾ ਕੀ ਕਹਿਣਾ ਹੈ ?

ਜਵਾਬ : ਨੁੱਕਰ ਨਾਟਕਾਂ ਦੇ ਸਬੰਧ 'ਚ ਜ਼ਿਆਦਾਤਰ ਲੋਕਾਂ ਨੇ ਪੁਰਾਤਨ ਧਾਰਨਾਵਾਂ ਪਾਲ ਰੱਖੀਆਂ ਹਨ। ਖ਼ਾਸ ਕਰਕੇ ਰਾਜਧਾਨੀ ਜਾਂ ਵੱਡੇ ਸ਼ਹਿਰਾਂ 'ਚ ਜੋ ਲੋਕ ਹਨ, ਉਹ ਗਲੈਮਰ ਦੇ ਚਸ਼ਮੇ 'ਚੋਂ ਨੁੱਕਰ ਨਾਟਕਾਂ ਨੂੰ ਅੰਗਦੇ ਹਨ। ਇਕਦਮ ਨਵੇਂ ਨਾਟਕ ਰੂਪਾਂ ਬਾਰੇ ਅਜਿਹੀ ਧਾਰਨਾਂ ਬਨਾਉਣਾ ਗਲਤ ਹੈ। ਸਾਰੇ ਦੇ ਸਾਰੇ ਨਾਟਕਾਂ 'ਚ ਰਾਜਨੀਤਕ ਨਾਹਰੇਬਾਜ਼ੀ ਹੈ ਜਾਂ ਕਲਾ ਵਿਹੂਣਤਾ ਦੀ ਹਾਲਤ ਹੈ—ਇਹ ਕਹਿਣਾ ਬਕਵਾਸ ਹੈ, ਕਿਉਂਕਿ ਕਈ ਅਜਿਹੇ ਨੁੱਕਰ ਨਾਟਕ ਹਨ, ਜਿੰਨਾਂ ਦੀ ਅੰਤਰਵਸਤੂ 'ਚ ਤਿੱਖਾਪਣ ਤਾਂ ਹੈ ਹੀ, ਨਾਲ ਨਾਲ ਪੇਸ਼ ਕਰਨ ਤੋਂ ਲੈ ਕੇ ਇਹ ਹਰ ਤਰ੍ਹਾਂ ਦੀ ਕਲਾਤਮਕਤਾ ਬਾਰੇ ਸੁਚੇਤ ਰਹਿੰਦੇ ਹਨ। ਛੋਟ ਦੀ ਗੱਲ ਅਲੱਗ ਹੈ। ਹੁਣ ਤਾਂ ਲਗਾਤਾਰ ਨੁੱਕਰ ਨਾਟਕ ਲਿਖੇ ਜਾ ਰਹੇ ਹਨ। ਇਸ ਸਬੰਧ 'ਚ ਅਸੀਂ ਬਿਲਕੁਲ ਸਪੱਸ਼ਟ ਹਾਂ ਕਿ ਸਾਰੀਆਂ ਕਲਾਵਾਂ ਪ੍ਰਚਾਰ ਹਨ ਤੇ ਨੁੱਕਰ ਨਾਟਕ ਇਸਦੀ ਜਿਉਂਦੀ ਮਿਸਾਲ ਹੈ। ਕਲਾ ਦੇ ਰੂਪ 'ਚ ਉਸਨੂੰ ਲੋਕਾਂ ਤੱਕ ਪਹੁੰਚਾਇਆ ਜਾਏ, ਤਦ ਹੀ ਉਹ ਲੋਕਾਂ ਨੂੰ ਜੋੜ ਤੇ ਛੂ ਸਕੇਗਾ।

oo

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਕਵਿਤਾ / ਸਾਧੂ

## ਦੋਵੇਂ ਦੋਸ਼ੀ

ਬੱਚਿਆਂ ਦੇ ਗਲਾਂ 'ਚ ਬਲਦੇ ਟਾਇਰ
ਤੁਹਾਡੇ ਵੀ ਸਿਰਾਂ 'ਚ ਜੰਮ ਗਏ ਹੋਣਗੇ
ਬੇਕਸੂਰ ਛਾਤੀਆਂ 'ਚੋਂ ਜੰਮੀਆਂ ਚੀਕਾਂ
ਮੇਰੇ ਕੱਲੇ ਦੇ ਹੀ ਮੱਥੇ 'ਚ ਅਮਿੱਟ ਛੇਕ ਨਹੀਂ ਕੀਤਾ
ਛੇਕੇ ਗਏ ਹੋਵੋਗੇ ਤੁਸੀਂ ਵੀ ਜ਼ਰੂਰ
ਝੁਲਸੇ ਜਿਸਮਾਂ ਦੀ ਖਬਰ 'ਤੇ
ਮੈਂ ਕੱਲਾ ਹੀ ਤੜਪਿਆ ਹਾਂ—
ਮੈਂ ਇਹ ਦਾਅਵਾ ਨਹੀਂ ਕੀਤੇ
ਪਰ ਜੇ ਤੁਹਾਡੀਆਂ ਕਸਮਾਂ ਤੇ ਸ਼ਬਦ ਨਹੀਂ ਵਰਤੇ
ਇਹ ਕਿਵੇਂ ਕਹਿ ਸਕਦੇ ਹੋ ਕਿ ਮੈਂ ਸੋਗ ਨਹੀਂ ਕੀਤਾ

ਠੀਕ ਹੈ ਮੈਥੋਂ ਇਹ ਕੁਝ ਨਹੀਂ ਕਹਿ ਹੋਇਆ
ਟਰੱਕਾਂ ਟੈਕਸੀਆਂ 'ਚ ਉਬਲਦੇ ਸਰੀਰ
ਬਲਾਤਕਾਰੀਆ ਦੇ ਛੁਰੇ
ਵਾੜ ਵੱਲ ਸੇਧੀਆਂ ਰਾਖਿਆਂ ਦੀਆ ਸੰਗੀਨਾਂ
ਇਹ ਤਾਂ ਸੱਭ ਬਹਾਨੇ
ਜੋ ਹੋਵੇ ਸੱਭ ਉਹਦਾ ਭਾਣਾ
ਆ ਲੱਗੀ 'ਤੇ ਰਾਖਾ ਨਾ ਕੋਈ
ਸਾਹ ਮੁੱਕਿਆ 'ਤੇ ਸੱਭ ਨੇ ਜਾਣਾ

ਇਹ 'ਕਰਮਾਂ' ਦਾ ਪਾਣੀ ਪਾ
ਤੁਸੀਂ ਤਾਂ ਅੰਦਰ ਦੇ ਭਾਂਬੜ ਕੁਝ ਲਏ ਬੁਝਾ
ਮੇਰੇ ਅੰਦਰ ਤਾਂ ਅਜੇ ਸੱਭ ਕੁਝ ਲਾਟੀਂ ਮੱਚ ਰਿਹਾ
ਇੰਨੇ ਲੋਕਾਂ ਦੀ ਇਕੋ ਵੇਲੇ ਕਿੱਦਾਂ 'ਆ ਲੱਗੀ' ?
ਇਹ ਸਵਾਲ ਨਿੱਤ ਪਾਗਲ ਬਣਾ ਰਿਹਾ

ਨਾ ਹੀ ਮੈਨੂੰ ਸਮਝ ਇਹ ਆਇਆ
'ਰੱਬ ਦਾ ਘਰ' ਢਿੱਠਣ 'ਤੇ
ਤੁਸੀਂ ਡਾਢਾ ਸੋਗ ਮਨਾਇਆ
ਪਰ ਜਦ ਬੰਦਿਆਂ ਦੇ ਘਰ
ਸਣੇ ਔਰਤਾਂ ਬੱਚੇ ਬੁੱਢੇ
ਦਾਣਿਆਂ ਵਾਂਗੂ ਭੁੰਨੇ
ਤਾਂ ਇੰਨਾ ਘੱਟ ਗੁੱਸਾ ਕਿਉਂ ਆਇਆ

ਜ਼ਖਮ ਤੁਹਾਡੇ ਕਿਹੋ ਜਿਹੇ ਨੇ
ਜਿਹਨਾਂ ਉਤੇ
'ਮਰਨ ਵਾਲੇ ਬਹੁਤੇ ਨਿਰੰਕਾਰੀ ਸਨ' ਵੀ
ਮਲਮ ਦਾ ਕੰਮ ਕਰ ਜਾਂਦੀ ਹੈ
ਇਹ ਕਿਹੋ ਜਿਹਾ ਸੋਗ ਮਨਾਵੋਂ
ਮਰ ਗਿਆਂ ਬਾਰੇ ਬੋਲ ਸੁਣਾਵੋਂ
'ਜਿਹੜੇ ਪਹਿਲਾਂ ਮੰਨਦੇ ਨਹੀਂ ਸੀ
ਹੁਣ ਮੰਗਣਗੇ ਮੰਗਾਂ ਉਹ ਵੀ'

ਮੇਰੇ ਲਈ ਤਾਂ ਬੱਸਾਂ 'ਚੋਂ ਕੱਢ ਕੇ ਮਾਰੇ ਵੀ ਬੰਦੇ
ਜੋ ਫੌਜੀ ਟੈਂਕਾਂ ਨੇ ਲਿਤਾੜੇ
ਉਹ ਵੀ ਬੰਦੇ
ਬੰਦ ਘਰਾਂ ਵਿਚ ਲੂਹੇ ਗਏ ਵੀ ਬੰਦੇ
ਮੈਂ 'ਪੈਂਤੀ ਪੈਂਤੀ ਮਾਰਨ' ਵਾਲੀ ਹੈਂਕੜ ਦਾ ਵੀ ਵਿਰੋਧੀ
ਤੇ ਮਾਂ ਮਰੀ 'ਤੇ 'ਖੂਨ ਦਾ ਬਦਲਾ ਖੂਨ'
ਪ੍ਰਚਾਰਨ ਵਾਲੇ ਰਾਜੇ ਦਾ ਵੀ
ਮੇਰੇ ਘਰ ਵਿਚ ਅੱਗ ਦੋਹਾਂ ਨੇ ਲਾਈ
ਮੇਰੇ ਲਈ ਇਹ ਦੋਵੇਂ ਦੋਸ਼ੀ
ਇਹਨਾਂ ਵਿਚੋਂ ਇਕ ਨਾਲ ਰਲਾਂ ?
ਦੂਜੇ ਨੂੰ ਮਾਰਨ ਲਈ ਜਤਨ ਕਰਾਂ ?
ਨਾ ਨਾ ਨਾ ਨਾ ਨਾ ਨਾ
ਮੈਂ ਤਾਂ ਉਸ ਕਤਾਰ 'ਚ ਲੱਗਾਂ
ਜੋ ਦੋਵਾਂ ਦਾ ਕਰੂ ਖਾਤਮਾ

ਤੇ ਜੇ ਮੇਰਾ ਇਸ ਤਰ੍ਹਾਂ
ਤੁਹਾਡੇ 'ਕਰਮਾ' ਦੇ ਪ੍ਰਾਣੀ ਬਿਨਾਂ
ਬੰਦੇ ਲਈ ਤੜਪਣਾ
ਲੱਗਦਾ ਹੈ ਤੁਹਾਨੂੰ ਰੱਬ/ਧਰਮ ਤੋਂ ਪਾਸਾ ਪਰਤਣਾ
ਤਾਂ ਬੜੀ ਖੁਸ਼ੀ ਕੋਲ ਹੀ ਰੱਖੋ ਇਹ ਰੱਬ ਆਪਣਾ ।

o (ਫਰਵਰੀ 1985)

---

## ਇਕ ਸੁਨੇਹਾ

ਮੇਰੇ ਪਿਆਰੇ ਸਾਥੀਉ,

ਮੈਂ ਇਹ ਇਕ ਸੁਨੇਹਾ ਆਪਣੇ ਹਿੰਦੋਸਤਾਨੀਆਂ ਨੂੰ ਲਿਖ ਰਿਹਾ ਹਾਂ ਜੋ ਕਿ ਅਮਰੀਕਾ ਦੀ ਧਰਤੀ ਦੀ ਅਸਲੀਅਤ ਦਸੇਗਾ । ਸਾਥੀ ਗੁਰਸ਼ਰਨ ਸਿੰਘ ਜੀ ਨੇ ਵੀ ਕਾਫੀ ਤੁਹਾਨੂੰ ਦੱਸਿਆ ਹੈ ਪਰ ਸਾਡਾ ਵੀ ਕੁਝ ਫਰਜ਼ ਬਣਦਾ ਹੈ ਕਿ ਇਸ ਵਿਚ ਹਿੱਸਾ ਪਾਈਏ । ਤੁਹਾਨੂੰ ਉਥੇ ਬੈਠਿਆ ਨੂੰ ਲਗ ਰਿਹਾ ਹੈ ਕਿ ਅਸੀਂ ਲੋਕ ਬੜੇ ਆਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ ਪਰ ਅਸਲੀ ਫਿਕਰਾ ਦੀ ਜ਼ਿੰਦਗੀ ਤਾਂ ਬਾਹਰਲੇ ਦੇਸ਼ਾ ਵਿਚ ਆ ਕੇ ਹੀ ਸ਼ੁਰੂ ਹੁੰਦੀ ਹੈ । ਠੀਕ ਹੈ ਮੈਂ ਮੰਨਦਾ ਹਾਂ ਇਥੇ ਜ਼ਿੰਦਗੀ ਦੀਆਂ ਸਾਰੀਆਂ ਲੋੜਾ ਪੂਰੀਆਂ ਹੋ ਜਾਂਦੀਆਂ ਹਨ ਪਰ ਇਹ ਤਾਂ ਸੁਣੋ ਕਿ ਇਨਾਂ ਲੋੜਾ ਨੂੰ ਪੂਰਾ ਕਰਨ ਲਈ ਭਲਾ ਅਸੀਂ ਕੀ ਕੁਝ ਕਰਦੇ ਹਾਂ । ਪਹਿਲੀ ਗੱਲ ਤਾਂ ਆਪਣੀ ਜਨਮ ਭੂਮੀ, ਮਾਤ ਭਾਸ਼ਾ, ਪਰਿਵਾਰ ਦਾ ਵਿਛੋੜਾ ਹੀ ਸਾਡੇ ਦਿਲਾਂ ਤੇ ਗੁੱਝੀ ਸੱਟ ਮਾਰਦਾ ਹੈ । ਇਥੇ ਪਰਾਈ ਧਰਤੀ ਤੇ ਹਰ ਰੋਜ਼ 10-12

ਘੰਟੇ ਹੱਡ ਭੰਨ ਕੇ ਕੰਮ ਕਰਨਾ ਪੈਂਦਾ ਹੈ ਤਾਂ ਵੀ ਇਥੋਂ ਦੇ ਸਾਮਰਾਜੀ ਸ਼ਾਹੂਕਾਰ ਪੂਰਾ ਹੱਕ ਨਹੀਂ ਦਿੰਦੇ। ਦੂਜੀ ਗੱਲ ਜੇਕਰ ਅਸੀਂ ਕਿਸੇ ਹਿੰਦੋਸਤਾਨੀ ਸ਼ਾਹੂਕਾਰ ਦੇ ਨੌਕਰੀ ਕਰ ਲਈ ਤਾਂ ਉਹ ਇਨ੍ਹਾਂ ਨਾਲੋਂ ਵੀ ਵੱਧ ਤੁਹਾਡੀ ਖੱਲ ਲਾਹੇਗਾ ਕਿਉਂਕਿ ਇਸ ਦੀ ਅਤੇ ਹਿੰਦੋ-ਸਤਾਨ ਦੇ ਸਰਮਾਏਦਾਰ ਦੀ ਜਾਤ ਵਿਚ ਭੋਰਾ ਫਰਕ ਨਹੀਂ। ਕਈ ਵਾਰੀ ਤਾਂ ਇਹ ਅੰਗਰੇਜ਼ੀ ਬੋਲੀ ਦਾ ਬੁਰਕਾ ਪਹਿਨ ਕੇ ਭਾਰਤੀ ਮਜ਼ਦੂਰੀ ਤੇ ਡਾਕਾ ਮਾਰਦੇ ਹਨ। ਦੂਜਾ ਇਥੇ ਆ ਕੇ ਗਰੀਨ ਕਾਰਡ (ਅਸੀਂ ਇਥੇ ਗੱਤਾ ਕਹਿੰਦੇ ਹਾਂ) ਲੈ ਕੇ ਅਤੇ ਸੈੱਟ ਹੋਣ ਤੱਕ ਬੰਦੇ ਦੇ ਹੱਡ ਪੈਰ ਜਵਾਬ ਦੇ ਜਾਂਦੇ ਹਨ। ਜਦੋਂ ਅਸੀਂ ਕੈਲੀਫੋਰਨੀਆ ਦੇ ਅੰਗੂਰਾ ਦੇ ਖੇਤਾਂ ਵਿਚ ਕੰਮ ਕਰਦੇ ਤਾ ਬਿਲਕੁਲ ਪੰਜਾਬ ਵਿਚ ਝੋਨਾ ਲਾਉਣ ਆਏ ਭਾਈ ਵਰਗੇ ਹੀ ਲਗਦੇ ਹਾਂ। ਇਥੇ ਮਜ਼ਦੂਰੀ ਦਾ ਕੰਮ ਅੰਗੂਰਾਂ ਦੇ ਖੇਤਾਂ ਵਿਚ, ਰੈਸਟੋਰੈਂਟਾਂ ਵਿਚ ਭਾਂਡੇ ਧੋਣ, ਆਲੂ, ਗਾਜਰਾਂ ਅਤੇ ਗੰਢਿਆਂ ਵਾਲੀਆਂ ਫੈਕਟਰੀਆਂ ਵਿਚ ਮਿਲਦਾ ਹੈ ਜਿਥੇ ਕਈ ਮੇਰੀਆਂ ਨਵੀਆਂ ਵਿਆਹੀਆਂ ਭੈਣਾਂ ਪੰਜਾਬ ਤੋਂ ਆ ਕੇ ਕੰਮ ਕਰਦੀਆਂ ਹਨ ਅਤੇ ਆਪਣੀ ਮਹਿੰਦੀ ਉਤਾਰਦੀਆਂ ਹਨ। ਇਨ੍ਹਾਂ ਦੇਸ਼ਾਂ ਵਿਚ ਆ ਕੇ ਮਜ਼ਦੂਰੀ ਕਰਨ ਨਾਲੋਂ ਤਾਂ ਆਪਣਾ ਦੇਸ਼ ਕਈ ਗੁਣਾ ਚੰਗਾ ਹੈ ਭਾਵੇਂ ਘੱਟ ਪੈਸੇ ਮਿਲਦੇ ਹਨ। ਮਿਹਨਤ ਕਰਕੇ ਸਾਰਾ ਕੁਝ ਬਣਾ ਕੇ ਇਥੋਂ ਦਾ ਬਣਾਵਟੀ ਐਸ਼ੋ ਆਰਾਮ ਕਰਕੇ ਤਾਂ ਕਿਹੜਾ ਸਾਡੀ ਆਤਮਾਂ ਨੂੰ ਤਸੱਲੀ ਹੋ ਜਾਂਦੀ ਹੈ। ਇਸ ਅਖੌਤੀ ਸਵਰਗ ਵਿਚ ਬੈਠੇ ਕਈ ਵਾਰੀ ਅਸੀਂ ਆਪਣੇ ਆਪ ਨੂੰ ਲਾਹਨਤਾਂ ਪਾਉਂਦੇ ਹਾਂ ਕਿ ਕਿਉਂ ਨਹੀਂ ਅਸੀਂ ਆਪਣੇ ਹੀ ਵਤਨ ਨੂੰ ਚੰਗਾ ਬਣਾਉਣ ਲਈ ਜ਼ੁਲਮਾਂ ਵਿਰੁੱਧ ਲੜ ਸਕੇ ਬਜਾਏ ਕਿ ਝੂਠੀ ਬੱਲੇ ਬੱਲੇ ਲਈ ਅਤੇ ਦੂਜੇ ਕਰੋੜਾਂ ਹੀ ਗਰੀਬ ਲੋਕਾਂ ਦੀ ਨਾ ਪਰਵਾਹ ਕਰਦੇ ਹੋਏ ਇਨ੍ਹਾਂ ਸਾਮਰਾਜੀਆਂ ਦੀ ਸੇਵਾ ਵਿਚ ਆ ਬੈਠੇ ਹਾਂ। ਇਥੇ ਮਜ਼ਦੂਰ ਤਾਂ ਹੋਏ, ਭਾਰਤੀ ਸ਼ਾਹੂਕਾਰਾਂ ਦੀ ਵੀ ਇਹੋ ਹੀ ਦੌੜ ਲੱਗੀ ਹੋਈ ਹੈ ਕਿ ਕਿਹੜਾ ਵੱਧ ਚੜ੍ਹਕੇ ਇਨ੍ਹਾਂ ਸਾਮਰਾਜੀ ਜੋਕਾਂ ਦੀ ਸੇਵਾ ਕਰਦਾ ਹੈ ਜਾਂ ਇਉਂ ਕਹਿ ਲਉ ਕਿ ਆਪਣੀ ਧਰਤੀ ਨੂੰ ਛੱਡਕੇ ਕਿਹੜਾ ਜ਼ਿਆਦਾ ਦੂਜਿਆਂ ਦੀ ਧਰਤੀ ਨੂੰ ਸਵਰਗ ਬਣਾਉਣ ਵਿਚ ਹਿੱਸਾ ਪਾਉਂਦਾ ਹੈ। ਆਪਣੇ ਹੀ ਦੇਸ਼ ਨੂੰ ਸਵਰਗ ਬਣਾਉਣ ਲਈ ਸੰਘਰਸ਼ ਕਰਨਾ ਤੇ ਇਥੇ ਆ ਕੇ ਦੂਜਿਆਂ ਲਈ ਸੰਘਰਸ਼ ਕਰਨਾ ਇਕ ਬਰਾਬਰ ਨਹੀਂ ਹੋ ਸਕਦਾ। ਬਜਾਏ ਇਸ ਦੇ ਕਿ ਅਸੀਂ ਆਪਣੇ ਖ਼ੂਨ ਪਸੀਨੇ ਦੀਆਂ ਕਮਾਈਆਂ ਇਨ੍ਹਾਂ ਲੋਕਾਂ ਦੇ ਲਈ ਕਰੀਏ, ਸਾਨੂੰ ਉਹੋ ਹੀ ਆਪਣੀ ਜਵਾਨੀ ਅਤੇ ਖ਼ੂਨ ਪਸੀਨਾ ਆਪਣੇ ਵਤਨ ਤੋਂ ਵਾਰਨਾ ਚਾਹੀਦਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਮੁੜ ਕੇ ਕਦੇ ਨਾ ਸਾਡੇ ਵਾਂਗ ਰੋਜ਼ੀ, ਰੋਟੀ ਲਈ ਇਕ ਦੇਸ਼ ਤੋਂ ਦੂਜੇ ਦੇਸ਼ ਆਪਣੇ ਸਹਿਮੇ ਹੋਏ ਲਾਲ, ਪੀਲੇ ਅਤੇ ਕਾਲੇ ਚਿਹਰੇ ਲੈ ਕੇ ਚੋਰੀ ਰਾਤਾਂ ਨੂੰ ਖ਼ਤਰਨਾਕ ਬਾਰਡਰ ਟੱਪਦੇ ਫਿਰਨ। ਇਥੇ ਗੁਲਾਮਾਂ ਦੀ ਤਰ੍ਹਾਂ ਕੰਮ ਕਰਨ ਲਈ ਵੀ ਕਈ ਵਾਰੀ ਕਈ ਕਈ ਮਹੀਨੇ ਘਰ ਬਹਿਣਾ ਪੈਂਦਾ ਹੈ। ਇਥੋਂ ਦਾ ਰਹਿਣਾ ਬਹਿਣਾ ਇੰਨਾ ਮਹਿੰਗਾ ਹੈ ਕਿ ਕੱਲਾ-ਕਾਰਾ ਆਦਮੀ ਤਾਂ ਆਪਣੀ ਸਾਰੀ ਜ਼ਿੰਦਗੀ ਆਉਣ ਵਾਲੀ ਪੀੜੀ ਲਈ ਹੀ ਕੁਰਬਾਨ ਕਰ ਜਾਂਦਾ ਹੈ। ਆਪਣੀ ਮਿਹਨਤ ਅਤੇ ਸਰੀਰ ਨੂੰ ਰੋਜ਼ ਪਰਾਈ ਧਰਤੀ ਤੇ ਨਿਲਾਮ ਕਰਕੇ ਬੇਜ਼ਮੀਰ ਜ਼ਿੰਦਗੀ ਜਿਉਣ ਨਾਲੋਂ ਆਪਣੇ ਦੇਸ਼ ਵਿਚ ਘੱਟ ਖਾ ਕੇ ਅਸੀਂ ਅਣਖ ਵਾਲੀ ਜ਼ਿੰਦਗੀ ਤਾਂ ਬਤੀਤ ਕਰ ਸਕਦੇ ਹਾਂ। ਇਹ ਸਾਰੇ ਸਰਮਾਏਦਾਰ ਦੇਸ਼ ਬਾਹਰਲੇ ਦੇਸ਼ਾਂ ਤੋਂ ਆਏ ਲੋਕਾਂ ਨੂੰ ਇਕ ਮਸ਼ੀਨ ਦੇ ਪੁਰਜੇ ਦੀ ਤਰ੍ਹਾਂ ਆਪਣੀ ਬਣਾਈ ਮਸ਼ੀਨ ਵਿਚ ਫਿੱਟ ਕਰ ਲੈਂਦੇ ਹਨ ਅਤੇ ਬੱਟਨ ਦੱਬਿਆਂ ਤਾਂ ਚਾਲੂ ਨਹੀਂ ਤਾਂ ਬੰਦ। ਪਰ ਕਈ ਲੋਕ ਬਹੁਤ ਸੁਆਦ ਲੈਂਦੇ ਹਨ, ਇਹੋ ਜਿਹੀ ਮਕੈਨੀਕਲ ਜ਼ਿੰਦਗੀ ਗੁਜ਼ਾਰਨ ਵਿਚ ਅਤੇ ਇਨਾਂ ਲੋਕਾਂ ਦੀ ਰੀਸ ਕਰਦੇ, ਕਰਦੇ ਆਪਣਾ ਪਿਛਕੜ, ਜਨਮ ਭੂਮੀ ਅਤੇ ਆਪਣੇ ਲੋਕਾਂ ਨੂੰ ਵੀ ਭੁੱਲੀ ਬੈਠੇ ਹਨ। ਕਈ ਭਾਰਤੀ ਤਾਂ ਗੋਰੀਆਂ ਨਾਲ ਵਿਆਹ ਕਰਾਕੇ ਗੋਰੇ ਹੀ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਸਾਥੀਉ ਬਾਕੀ ਦਾ ਰਹਿੰਦਾ ਅਗਲੀ ਚਿੱਠੀ ਵਿਚ ਲਿਖਾਂਗਾਂ।

ਬੇਕਰਸਫੀਲਡ (ਕੈਲੀਫੋਰਨੀਆ) ਅਮਰੀਕਾ

## ਪਾਰ ਦੀ ਹਵਾ

ਸੁਖਦੇਵ ਸਿੱਧੂ

**ਨਿਆਂ ਤ ਅਦਾਲਤਾਂ** : ਬ੍ਰਿਟਸ਼ ਲੇਲੈਂਡ ਬਰ-ਤਾਨੀਆਂ ਦੀਆਂ ਵੱਡੀਆਂ ਕਾਰ ਫੈਕਟਰੀਆਂ 'ਚੋਂ ਇਕ ਹੈ। ਚੂੰਕਿ ਬ੍ਰਤਾਨੀਆਂ ਬਹੁਨਸਲੀ ਮੁਲਕ ਹੋ ਗਿਆ ਹੈ ਜ਼ਾਹਿਰ ਹੈ ਉਥੇ ਹਰ ਨਸਲ ਦੇ ਮਜ਼ਦੂਰ ਕੰਮ ਕਰਦੇ ਹਨ। ਇਕ ਅਫਰੀਕਨ ਉਪ ਮਹਾਂਦੀਪ ਨਾਲ ਸਬੰਧਤ

ਕਾਲੇ ਮਜ਼ਦੂਰ ਨੂੰ ਕੰਮ ਤੋਂ ਕੱਢ ਦਿੱਤਾ ਗਿਆ। ਯੂਨੀਅਨ ਕੇਸ ਇੰਡਸਟ੍ਰੀਅਲ ਟ੍ਰਿਬਿਊਨਲ 'ਚ ਲੈ ਗਈ। ਸੁਣਵਾਈ ਦੌਰਾਨ ਜੱਜ ਨੂੰ ਦੱਸਿਆ ਗਿਆ ਕਿ ਉਸ ਕਾਲੇ ਮਜ਼ਦੂਰ ਨੂੰ ਬਲੈਕ ਬਾਸਟਰਡ ਕਾਲਾ ਹਰਾਮਦਾ ਕਿਹਾ ਸੀ। ਜਿਨ੍ਹੇ ਮਜ਼ਦੂਰ ਨੂੰ ਫੋਰਮੈਨ ਨੂੰ ਕੁੱਟਣ ਲਈ ਉਕਸਾਇਆ ਸੀ। ਪਰ ਜੱਜ ਨੇ ਫੈਸਲਾ ਦਿੱਤਾ ਕਿ ਬਲੈਕ ਬਾਸਟਰਡ (ਕਾਲਾ ਹਰਾਮਦਾ) ਕਿਉਂਕਿ ਅੱਜ ਕੱਲ ਆਮ ਗੱਲਬਾਤ ਵਿਚ ਵਰਤਿਆ ਜਾਣਾ ਵਾਲਾ ਲੱਫਜ਼ ਹੈ ਇਸ ਲਈ

ਕਾਲੇ ਮਜ਼ਦੂਰ ਨੂੰ ਫੋਰਮੈਨ ਨੂੰ ਕੁਟਣਾ ਨਹੀਂ ਸੀ ਚਾਹੀਦਾ ਚੂੰਕਿ ਉਸ ਮਜ਼ਦੂਰ ਨੇ ਫੋਰਮੈਨ ਨੂੰ ਕੁੱਟਿਆ ਹੈ ਇਸ ਲਈ ਉਸ ਨੂੰ ਕੰਮ ਤੋਂ ਕੱਢਿਆ ਜਾਣਾ ਜਾਇਜ਼ ਹੈ। ਮਤਲਬ ਕਿ ਕਿਸੇ ਕਾਲੇ ਨੂੰ ਹਰਾਮਦਾ ਕਹਿਣਾ ਜਾਇਜ਼ ਹੈ।

**ਅੰਗਰੇਜ਼/ਆਇਰਸ਼** : ਬੈਰੀ ਮੈਗੂਅੰਗਰ ਇਕ ਉੱਤਰੀ ਆਇਰਲੈਂਡ ਦਾ ਨੌਜੁਆਨ ਮੁੱਕੇਬਾਜ ਹੈ ਪਿੱਛੇ ਜਿਹੇ ਉਸਨੇ ਇਕ ਹੋਰ ਚੈਂਪੀਅਨ ਨੂੰ ਹਰਾ ਕੇ ਸੰਸਾਰ ਭਰ 'ਚੋਂ ਵਧੀਆ ਤੇ ਤੁਕੜਾ ਮੁੱਕੇਬਾਜ ਹੋਣਾ ਸਾਬਤ ਕਰ ਦਿਖਾਇਆ ਹੈ। ਜਦੋਂ ਮੁਕਾਬਲਾ ਹੋ ਰਿਹਾ ਸੀ ਤਾਂ ਅਕਸਰ ਕਿਹਾ ਜਾਂਦਾ ਸੀ ਇਹੋ ਜਿਹਾ ਮੁੱਕੇਬਾਜ਼ ਇੰਗਲਿਸ਼ (ਅੰਗਰੇਜ਼) ਬੜੀ ਦੇਰ ਨਾਲ ਪੈਦਾ ਹੁੰਦਾ ਹੈ। ਆਮ ਅੰਗਰੇਜ਼ ਵੀ ਉਸ ਤੇ ਨਾਜ਼ ਕਰਦੇ ਸਨ। ਪਰ ਜਦੋਂ ਆਇਰਿਸ਼ ਦੇਸ਼ ਭਗਤ ਬਰਤਾਨਵੀ ਸਾਮਰਾਜ ਤੋਂ ਛੁਟਕਾਰਾ ਪਾਉਣ ਦੀ ਕੋਈ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਗਾਲ੍ਹਾਂ ਕੱਢਦੇ ਹਨ। ਇਥੋਂ ਤੱਕ ਕਿ ਉਨ੍ਹਾਂ ਦੀ ਆਇਰਸ਼ ਕੌਮ ਨੂੰ ਬੜੇ ਭੈੜੇ ਮਖੌਲ ਕਰਦੇ ਹਨ।

**ਸਿੱਖਾਂ ਦੀ ਪ੍ਰਤੀਤ** : ਪਿਛਲੇ ਸੰਕਟ ਦੇ ਸਮੇਂ ਦੌਰਾਨ ਸਿੱਖਾਂ ਦਾ ਸਨਮਾਨ ਉਨ੍ਹਾਂ ਕੋਲੋਂ ਖੁਸ ਗਿਆ ਹੈ। ਪਹਿਲਾਂ ਭਾਰਤ ਵਿਚ ਵੀ ਕਿਸੇ ਹੱਦ ਤੱਕ ਵਿਦੇਸ਼ਾਂ ਵਿਚ ਵੀ, ਇਨ੍ਹਾਂ ਦੀ ਬੜੀ ਇੱਜ਼ਤ ਸੀ। ਪਰ ਹਿੰਦੂਆਂ ਦੇ ਕਤਲ, ਤੇ ਪੰਜਾਬ ਨੂੰ ਅਤਿਵਾਦ ਦੇ ਮੂੰਹ ਧੱਕਣਾ, ਹਰਿਮੰਦਰ ਸਾਹਿਬ 'ਚ ਹਥਿਆਰ ਇਕੱਠੇ ਕਰਨਾ ਤੇ ਇੰਦਰਾ ਗਾਂਧੀ ਦਾ ਕਤਲ ਆਦਿ ਕਰਤੂਤਾਂ ਕਾਰਨ ਇਨ੍ਹਾਂ ਦੀ ਪ੍ਰਤੀਤ ਜਾਂਦੀ ਲੱਗੀ ਹੈ। ਇਹਦਾ ਸੰਤਾਪ ਸਾਰੇ ਸਿੱਖਾਂ ਨੂੰ ਭੋਗਣਾ ਪੈ ਰਿਹਾ ਹੈ ਤੇ ਇਕੱਲੇ ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਇਸ ਦਾ ਅਸਰ ਹੋਇਆ ਹੈ। ਇਕ ਹੋਰ ਚੰਦ ਇਹਨਾਂ ਜਹਾਜ਼ ਨੂੰ ਬੰਬ ਨਾਲ ਸੁੱਟਣ ਦਾ ਜ਼ਿੰਮਾ ਲੈ ਕੇ ਚਾੜ੍ਹਿਆ ਹੈ ਜਦੋਂ ਕਿ, ਹਾਲੀਂ ਮਾਹਿਰਾਂ ਨੂੰ ਇਹ ਵੀ ਪਤਾ ਨਹੀਂ ਲੱਗਾ ਕਿ ਜਹਾਜ਼ ਕਿਸੇ ਮਕੈਨਕੀ ਖਰਾਬੀ ਕਾਰਨ ਡਿੱਗਾ ਹੈ ਜਾਂ ਕਿਸੇ ਧਮਾਕੇ ਕਾਰਨ ਜਾਂ ਕਿਸੇ ਹੋਰ ਕਾਰਨ। ਇਥੇ ਇਸੇ ਸੰਦਰਭ 'ਚ ਇਕ ਘਟਨਾ ਵਾਪਰੀ ਹੈ। ਇਕ ਬਜ਼ੁਰਗ ਜਿਸ ਨੇ ਕੰਮ ਤੋਂ ਰਿਟਾਇਰ ਹੋਣ ਬਾਅਦ ਕੇਸ ਰੱਖ ਲਏ ਸਨ, ਨੂੰ ਕਿਸੇ ਕਾਰਨ ਹਸਪਤਾਲ ਜਾਣਾ ਪੈ ਗਿਆ। ਜਿਸ ਵਾਰਡ ਵਿਚ ਉਸਨੂੰ ਬੈੱਡ ਮਿਲੀ (ਮੰਜਾ) ਉਥੇ ਸਿਰਫ਼ ਦੋ ਹੀ ਬੈੱਡਾਂ ਦਾ ਕਮਰਾ ਸੀ। ਦੂਸਰਾ ਮਰੀਜ਼ ਅੰਗਰੇਜ਼ ਸੀ ਜਦੋਂ ਉਸਨੂੰ ਪਤਾ ਲੱਗਾ ਕਿ ਉਹਦੇ ਨਾਲ ਦਾ ਮਰੀਜ਼ ਸਿੱਖ ਹੈ ਤਾਂ ਉਸਨੇ ਹੇਠਲੀ ਉਪਰ ਲਿਆ ਦਿੱਤੀ। ਉਹ ਕਹੇ ਇਹ ਬੇਵਕੂਫ ਲੋਕ ਹਨ ਜੋ ਪ੍ਰਧਾਨ ਮੰਤਰੀ ਤੱਕ ਦਾ ਵੀ ਕਤਲ ਕਰ ਸਕਦੇ ਹਨ, ਬਾਅਦ ਵਿਚ ਸ਼ਰਾਬਾਂ ਪੀ ਕੇ ਲੱਡੂ ਵੰਡ ਕੇ ਖੁਸ਼ੀਆਂ ਮਨਾ ਸਕਦੇ ਹਨ। ਮੈਂ ਇਸ ਦੇ ਨਾਲ ਹਰਗਿਜ਼ ਨਹੀਂ ਰਹਾਂਗਾ ਜਾਂ ਇਸਨੂੰ ਇਥੋਂ ਬਦਲੋ, ਨਹੀਂ ਤਾਂ ਮੈਂ ਇਥੋਂ ਆਪਣੇ ਘਰ ਚਲਾ ਜਾਵਾਂਗਾ।

**ਸਾਡਾ ਇਖ਼ਲਾਕ/ਈਮਾਨਦਾਰੀ** : ਚੂੰਕਿ ਅਸੀਂ ਸਾਰੇ ਹੀ (ਤਕਰੀਬਨ) ਇਸ ਮੁਲਕ ਨੂੰ ਆਪਣਾ ਮੁਲਕ ਮੰਨ ਬੈਠੇ ਹਾਂ, ਉਂਝ ਭਾਵੇਂ ਅਗਰ ਕਿਸੇ ਮਜਬੂਰੀ ਕਾਰਨ ਇਥੋਂ ਜਾਣਾ ਪਵੇ ਤਾਂ ਪਿੱਛੇ ਵੀ ਥੋੜਾ ਬਹੁਤ ਸਰਮਾਇਆ ਜਾਂ ਚਾਰ ਸਿਆੜ ਸੁਰੱਖਿਅਤ ਕਰ ਰੱਖੇ ਹਨ। ਇਥੇ ਵੱਸਦੇ ਬਦੇਸ਼ੀਆਂ 'ਚੋਂ 99% ਦੀ ਹਮਾਇਤ ਲੇਬਰ ਪਾਰਟੀ ਨੂੰ ਹਾਸਲ ਹੈ। ਉਂਝ ਭਾਵੇਂ ਉਹ ਕਿਸੇ ਨੂੰ ਜਵਾਬ ਨਹੀਂ ਦਿੰਦੇ ਪਰ ਵੋਟ ਅਕਸਰ ਲੇਬਰ ਪਾਰਟੀ ਨੂੰ ਹੀ ਪਾਉਂਦੇ ਹਨ ਜਦ ਕਿ ਇਥੇ ਅੰਗਰੇਜ਼ ਅਗਰ ਟੋਰੀਆਂ ਨੂੰ ਵੋਟਾਂ ਪਾਉਂਦੇ ਹਨ ਤਾਂ ਬਿਨਾਂ ਸ਼ੱਕ ਨਿਝੱਕ ਕਹਿ ਦੇਣਗੇ ਅਸੀਂ ਵੋਟ ਤੁਹਾਨੂੰ ਨਹੀਂ ਪਾਉਣੀ, ਇਸੇ ਤਰ੍ਹਾਂ ਲੇਬਰ ਪਾਰਟੀ ਦੇ ਵੋਟਰ ਕਹਿਣਗੇ ਪਰ ਸਾਡੇ ਭਾਰਤੀ ਦੋਗਲੀ ਨੀਤੀ ਚਲਦੇ ਹਨ। ਪਿੱਛੇ ਜਿਹੇ ਇਨ੍ਹਾਂ ਨੇ ਇਕ ਟੋਰੀ ਐਮ.ਪੀ. ਨੂੰ ਪਾਰਟੀ ਕੀਤੀ, ਕੁਝ ਕੁ ਜਥੇਬੰਦੀਆਂ ਦੇ ਮੁਖੀਆਂ ਵੱਲੋਂ ਭਾਸ਼ਨ ਵੀ ਦਿਤੇ ਗਏ ਕਿ ਅਸੀਂ ਬੜੀ ਬਹਾਦਰ ਕੌਮ ਹਾਂ ਤੁਹਾਡੀ ਭਾਰਤ ਵਿਚ ਵੀ ਬੜੀ ਮੱਦਦ ਕੀਤੀ ਸੀ ਤੇ ਤੁਹਾਡੀ ਫੋਜ਼ ਨੂੰ ਵੀ ਸਾਡੀ ਪੂਰੀ ਹਮਾਇਤ ਹਾਸਲ ਸੀ ਤੇ ਅਸੀਂ ਹੁਣ ਇਥੇ ਵੀ ਸਾਰੇ ਦੁੱਖਾਂ ਸੁੱਖਾਂ ਦੇ ਸਾਂਝੀ ਬਣਨਾ ਚਾਹੁੰਦੇ ਹਾਂ। ਬਹੁਤਾ ਜ਼ੋਰ ਇਨ੍ਹਾਂ ਦਾ ਆਪਣੀਆਂ ਹਿੱਕਾਂ ਕੱਢ ਕੱਢ ਕੇ ਐਮ.ਪੀ. ਨਾਲ ਫੋਟੋ ਖਿਚਾਉਣ ਦਾ ਲੱਗਾ ਹੋਇਆ ਸੀ ਤਾਂ ਕਿ ਵੇਲੇ-ਕੁਵੇਲੇ ਲੋੜ ਪਵੇ ਤਾਂ ਫੋਟੋ ਜਾ ਦਿਖਾਉਣ ਕਿ ਭਾਈ ਅਸੀਂ ਤੈਨੂੰ ਚਾਹ ਪਾਰਟੀ ਦਿੱਤੀ ਸੀ। ਹਾਲਾਂਕਿ ਟੋਰੀਆਂ ਨੇ ਕਾਲੇ ਤੇ ਨਸਲਵਾਦੀ ਕਾਨੂੰਨਾਂ ਨਾਲ, ਪਾਰਟੀ ਵਿਚ ਇਕ ਮੰਡੇ ਕਲੱਬ ਵਿੰਗ ਸਥਾਪਤ ਕਰਕੇ ਸ਼ਰੇਆਮ ਇਨ੍ਹਾਂ ਦੇ ਖਿਲਾਫ ਪ੍ਰਚਾਰ ਕਰਵਾਇਆ ਤੇ ਹੋਰ ਵੀ ਬੜਾ ਕੁਝ ਪਰ ਇਹ ਫਿਰ ਉਹਨਾਂ ਦੇ ਬੂਟ ਚੱਟਣ ਜਾਂਦੇ ਹਨ. ਉਂਝ ਭਾਵੇਂ-ਲੇਬਰ ਵਾਲੇ ਵੀ ਕਈ ਮਾਮਲਿਆਂ ਤੇ ਟੋਰੀਆਂ ਤੋਂ ਘੱਟ ਨਹੀਂ।

**ਬ੍ਰਤਾਨਵੀ ਜਮਾਤ ਵੰਡ** : ਬ੍ਰਤਾਨੀਆਂ ਵਿਚ ਪਿਛਲੇ ਅਰਸੇ ਦੌਰਾਨ, ਮਜ਼ਦੂਰ ਜਮਾਤ ਨੇ ਆਪਣੇ ਹੱਕਾਂ ਲਈ ਘੋਲ ਲੜੇ ਹਨ, ਹੜਤਾਲਾਂ ਕੀਤੀਆਂ ਹਨ, ਕੋਲਾ ਮਜ਼ਦੂਰਾਂ ਨੇ ਬੜੀ ਸਿਰੜੀ, ਸਿਦਕੀ ਹੜਤਾਲ ਕੀਤੀ। ਅੱਜ ਕੱਲ ਸਕੂਲ ਟੀਚਰ ਵੀ ਕਰ ਰਹੇ ਹਨ। ਸਰਕਾਰ ਰੋ ਰੋ ਕੇ ਦੱਸ ਰਹੀ ਹੈ ਕਿ ਸਾਡੇ ਕੋਲ ਗੁੰਜਾਇਸ਼ ਨਹੀਂ, $4\frac{1}{2}\%$ ਤੋਂ ਜ਼ਿਆਦਾ ਤਨਖਾਹ 'ਚ ਵਾਧਾ ਅਸੀਂ ਨਹੀਂ ਦੇ ਸਕਦੇ। ਪਰ ਪਿਛਲੇ ਹੀ ਹਫਤੇ ਚੁੱਪ-ਚੁਪੀਤੇ ਜੱਜਾਂ ਉੱਚ ਸਿਵਲ ਸਰਵੈਂਟ ਤੇ ਉੱਚ ਮਿਲਟਰੀ ਅਫਸਰਾਂ ਨੂੰ

14% ਤਨਖਾਹ 'ਚ ਵਾਧਾ ਕਰ ਦਿੱਤਾ ਹੈ ਜਦੋਂ ਇਕ ਜੱਜ ਨੂੰ ਪਹਿਲਾਂ ਹੀ 52000 ਪੌਂਡ ਸਲਾਨਾ ਮਿਲਦਾ ਹੈ ਤੇ ਵਾਧੇ ਨਾਲ 70000 ਦੇ ਕਰੀਬ ਹੋ ਜਾਏਗਾ। ਜਦੋਂ ਕਿ ਇਕ ਰਿਟਾਇਰਡ ਜੱਜ (Master of Rolls) ਨੇ ਵੀ ਕਿਹਾ ਹੈ ਕਿ ਜੱਜਾਂ ਨੂੰ ਪਹਿਲਾਂ ਹੀ ਕਾਫੀ ਪੈਸੇ ਮਿਲਦੇ ਹਨ। ਪਰ ਸਰਮਾਏਦਾਰਾਂ ਦੀ ਮੌਜੂਦਾ ਹਾਕਮ ਜਮਾਤ ਐਜੂਕੇਸ਼ਨ ਤੇ ਕੱਟ, ਸੋਸ਼ਲ ਸਕਿਉਰਟੀ ਤੇ ਕੱਟ, ਨੈਸ਼ਨਲ ਹੈਲਥ ਤੇ ਕੱਟ ਲਗਾ ਰਹੀ ਹੈ ਕਿਉਂਕਿ ਉਥੋਂ ਆਮ ਲੋਕਾਂ ਨੂੰ ਫਾਇਦਾ ਹੁੰਦਾ ਹੈ। ਉਪਰਲਿਆਂ ਦੇ ਢਿੱਡ ਹੋਰ ਭਰੇ ਜਾ ਰਹੇ ਹਨ ਜਦ ਕਿ ਟੀਚਰਾਂ ਦੀ ਤਨਖਾਹ ਬੜ੍ਹਾਉਣ ਦਾ ਮਸਲਾ ਅਜੇ ਉਸੇ ਤਰ੍ਹਾਂ ਚੱਲ ਰਿਹਾ ਹੈ।

**ਲੋਕ ਰਾਜ ਦੀ ਮਾਂ ਇੰਗਲੈਂਡ** : ਬ੍ਰਤਾਨੀਆਂ ਵਾਲੇ ਦਹਾੜ ਦਹਾੜ ਕੇ ਕਹਿੰਦੇ ਰਹਿੰਦੇ ਹਨ ਕਿ 'ਅਸੀਂ ਬੜੇ ਜਮਹੂਰੀ ਲੋਕ ਹਾਂ। ਹਰ ਕਿਸੇ ਨੂੰ ਬੋਲਣ ਦਾ ਹੱਕ ਹੈ ਵਗੈਰਾ ਵਗੈਰਾ। ਪਰ ਇਸੇ ਹਫਤੇ ਬੀ.ਬੀ.ਸੀ. ਵੱਲੋਂ ਇਕ ਡਾਕੂਮੈਂਟਰੀ ਦਿਖਾਈ ਜਾਣੀ ਸੀ ਜੋ ਕਿ ਆਇਰਲੈਂਡ ਦੀ ਮੌਜੂਦਾ ਹਾਲਤ ਤੇ ਸੀ, ਉਸ ਵਿਚ ਉਨ੍ਹਾਂ ਆਇਰਸ਼ ਦੇਸ਼ ਭਗਤਾਂ ਨਾਲ ਮੁਲਾਕਾਤਾਂ ਦਾ ਜੋ ਆਪਣੀ ਜਾਨ ਹੱਥ ਤੇ ਰੱਖ ਕੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਘੋਲ ਕਰ ਰਹੇ ਹਨ। ਟੋਰੀਆਂ ਨੂੰ ਇਸ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਬੀ.ਬੀ.ਸੀ. ਦੇ ਗਵਰਨਰਾਂ ਦੀ ਮੀਟਿੰਗ ਸੱਦ ਕੇ ਫੈਸਲਾ ਕਰਵਾ ਲਿਆ ਕਿ ਇਹ ਪ੍ਰੋਗਰਾਮ ਮੌਜੂਦਾ ਹਾਲਤ ਵਿਚ ਨਾ ਦਿਖਾਇਆ ਜਾਵੇ, ਮਤਲਬ ਸਿਰਫ ਉਨ੍ਹਾਂ ਦੇਸ਼ ਭਗਤਾਂ ਦੀਆਂ ਮੁਲਾਕਾਤਾਂ ਹਨ। ਇਸੇ ਦੇ ਰੋਸ ਵਜੋਂ ਬੀ.ਬੀ.ਸੀ. ਦੇ ਜਰਨਲਿਸਟ ਇਕ ਦਿਨ ਦੀ ਹੜਤਾਲ ਕਰ ਰਹੇ ਹਨ। ਆਇਰਲੈਂਡ ਦੇ ਬੀ.ਬੀ.ਸੀ ਦੇ ਮੁਖੀ ਨੇ ਅਸਤੀਫਾ ਵੀ ਦੇ ਦਿੱਤਾ ਸੀ। ਬਾਕੀ ਦੇਸ਼ਾਂ ਵਿਚ ਵੀ ਇਸ ਦੀ ਬੜੀ ਚਰਚਾ ਹੋਈ ਹੈ। ਇਹ ਕਿਹੋ ਜਿਹਾ ਲੋਕ ਰਾਜ ਹੈ ਜਿੱਥੇ ਲੋਕ ਦੀ ਗੱਲ ਕਰਨ ਵਾਲਿਆਂ ਦੀ ਆਵਾਜ਼ ਨਹੀਂ ਸੁਣੀ ਜਾ ਸਕਦੀ। ਇਹ ਹੈ ਲੋਕਰਾਜ ਦੀ ਮਾਂ।

○

## ਪਾਠਕ ਲੇਖਕ ਫੋਰਮ

### ਸਾਥੀ ਗੁਰਨਾਮ-ਸਿੰਘ ਦੇ ਲਿਖੇ 'ਕੁਰਬਾਨੀ ਦੇ ਪ੍ਰਸੰਗ' 'ਚ ਦਾ ਜੁਆਬ

ਪਿਆਰੇ ਸੰਪਾਦਕ ਜੀ,

ਗੁਰਨਾਮ ਸਿੰਘ ਦਾ ਲਿਖਿਆ ਲੇਖ ਕੁਰਬਾਨੀ ਦੇ ਪ੍ਰਸੰਗ 'ਚ ਪੜ੍ਹਕੇ ਸਾਥੀ ਦੀ ਸੋਚ ਉਤੇ ਬੜਾ ਅਫਸੋਸ ਹੋਇਆ। ਲੱਗਿਆ ਜਿਵੇਂ ਉਹ ਕੁਰਬਾਨੀ ਦੇ ਸਹੀ ਅਰਥ ਸਮਝਾਉਣ ਦੀ ਬੇ-ਅਰਥ ਕੋਸ਼ਿਸ਼ ਕਰਦਾ ਖੁਦ ਹਨੇਰੇ ਦੀ ਖੱਡ ਵਿਚ ਵੜਦਾ ਜਾ ਰਿਹਾ ਹੈ। ਮੋਟੇ ਤੌਰ ਤੇ ਸਾਥੀ ਨੇ ਭਗਤ ਸਿੰਘ ਦੀ ਕੁਰਬਾਨੀ ਨਕਸਲਵਾੜੀਆਂ ਦੀ ਕੁਰਬਾਨੀ (ਸਾਥੀ ਦੇ ਪ੍ਰਸੰਗ 'ਚ ਇਹ ਕੁਰਬਾਨੀ ਹੀ ਨਹੀਂ ਸਗੋਂ ਬੇਲੋੜੀ ਮੌਤ ਹੈ) ਆਦਿ ਨੂੰ ਉਸ ਨੇ ਨੈਗੇਟ ਕੀਤਾ ਹੈ ਤੇ ਇਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕੁਰਬਾਨੀਆਂ ਸਮੇਂ ਤੋਂ ਪਹਿਲਾਂ ਅਤੇ ਲੋੜ ਤੋਂ ਬਿਨਾਂ ਦਿੱਤੀਆਂ ਗਈਆਂ ਹਨ।

ਮੈਂ ਸਾਥੀ ਜੀ ਨੂੰ ਪੁੱਛਦਾ ਹਾਂ ਕਿ ਕੀ ਇਨ-ਕਲਾਬੀ ਆਪਣੀ ਮੌਤ ਦੀ ਤਰੀਕ ਪਹਿਲਾਂ ਹੀ ਨਿਸਚਿਤ ਕਰਦੇ ਹਨ? ਕਿ ਕੀ ਉਸ ਨਿਸਚਿਤ ਤਰੀਕ ਤੋਂ ਪਹਿਲਾਂ ਜਾਨ ਰੂਲ ਦੇਣੀ ਬੇਲੋੜੀ ਮੌਤ ਵਰੋਜਣ ਵਾਲੀ ਗੱਲ ਹੈ? ਜਾਂ ਕੀ ਜਿਵੇਂ ਕਿ ਸਾਥੀ ਲਿਖਦਾ ਹੈ ਕਿ "ਭਗਤ ਸਿੰਘ ਇਕ ਨਿੱਡਰ ਸੂਰਮਾ ਸੀ ਪਰ ਇਸਦਾ ਅਰਥ ਨਹੀਂ ਕਿ ਉਹ ਗੋਲੀਆਂ ਜਾ ਫਾਂਸੀਆਂ ਨੂੰ ਨਿਉਂਦਾ ਦਿੰਦਾ ਫਿਰੇ।" ਇਥੇ ਸਾਥੀ ਇਹ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਭਗਤ ਸਿੰਘ ਨੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਉਹ ਤਾਂ ਹਰ ਵੇਲੇ ਮੌਤ ਨੂੰ ਆਵਾਜ਼ਾਂ ਮਾਰਦਾ ਰਿਹਾ ਹੈ। ਇਸ ਨੂੰ ਉਹ ਟੇਢੇ ਢੰਗ ਨਾਲ ਇਹੋ ਦੱਸਣ ਦੀ ਕੋਸ਼ਿਸ਼ ਵਿਚ ਹੈ ਕਿ ਭਗਤ ਸਿੰਘ ਨਿੱਡਰ ਜ਼ਰੂਰ ਸੀ ਪਰ ਦੂਰ ਦ੍ਰਿਸ਼ਟੀ ਵਾਲਾ, ਪਾਰਟੀ ਦੇ ਉਦੇਸ਼, ਕਾਰਜ ਢੰਗ, ਇਨਕਲਾਬ ਦੇ ਨਿਸ਼ਾਨਿਆਂ ਅਤੇ ਉਹਨਾਂ ਦੀ ਪ੍ਰਾਪਤੀ ਲਈ ਲੋੜੀਂਦੇ ਦਾਅਪੇਚਾਂ ਤੋਂ ਬਿਲਕੁਲ ਕੋਰਾ ਸੀ। ਕਿੰਨੀ ਵੱਡੀ ਬੇ-ਸਮਝੀ ਹੈ।

ਭਗਤ ਸਿੰਘ ਬਕਾਇਦਾ ਮਾਰਕਸਵਾਦੀ ਵਿਚਾਰ-ਧਾਰਾ ਨਾਲ ਪ੍ਰਣਾਇਆ ਹੋਇਆ ਸੀ (ਸਾਥੀ ਉਸਦੀਆਂ ਲਿਖਤਾਂ ਪੜ੍ਹਨ ਦੀ ਕੋਸ਼ਿਸ਼ ਕਰੇ) ਉਸ ਨੇ ਭਾਰਤੀ ਸਰਮਾਏਦਾਰੀ ਦੇ ਖਾਸੇ ਨੂੰ ਚੰਗੀ ਤਰ੍ਹਾਂ ਸਮਝਿਆ ਸੀ ਤਾਂ ਹੀ ਉਸ ਨੇ ਕਾਂਗਰਸੀ ਹਾਕਮਾਂ ਨੂੰ ਕਾਲੇ ਅੰਗਰੇਜ਼ ਕਹਿ ਕੇ ਸੰਬੋਧਨ ਕੀਤਾ ਹੈ। ਉਸ ਦਾ ਨਿਸ਼ਾਨਾ ਸਪੱਸ਼ਟ ਸੀ ਕਿ, "ਜਦ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ ਸਾਡਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ।" ਇਸ ਲਈ ਸਾਥੀ ਭਗਤ ਸਿੰਘ ਦਾ ਉਦੇਸ਼ ਕੇਵਲ ਮਰਨ ਦਾ ਹੀ ਨਹੀਂ ਸੀ ਸਗੋਂ ਲੁੱਟ ਰਹਿਤ ਸਮਾਜ ਉਸਾਰਨਾ ਉਹਨਾਂ ਦਾ ਅੰਤਿਮ ਨਿਸ਼ਾਨਾ ਸੀ। ਉਹਨਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਕੀ ਕੀ ਕੀਤਾ, ਪਾਰਟੀ ਨੂੰ ਗੁਪਤ ਤੌਰ ਤੇ ਚਲਾਇਆ ਤੇ ਕਿੰਨਾ ਹੀ ਚਿਰ ਖੁਦ ਗੁਪਤਵਾਸ ਰਹੇ।

Registered with the Registrar, News Papers, Vide No MA/12397-D dated 18.4 80
Post Office No P/AR—133

ਦੂਜੇ ਪਾਸੇ ਸਾਥੀ ਭਾਰਤੀ ਦਲਾਲ ਸਰਮਾਏਦਾਰੀ ਨੂੰ 'ਹਿੰਦੂ ਸਰਮਾਏਦਾਰੀ' ਪੇਸ਼ ਕਰਕੇ ਇਥੋਂ ਦੀਆਂ ਹਾਕਮ ਜਮਾਤਾਂ ਦਾ ਫਿਰਕੂ ਦ੍ਰਿਸ਼ਟੀਕੋਨ ਤੋਂ ਵਿਸ਼ਲੇਸ਼ਣ ਕਰਦਾ ਹੈ। ਕੀ ਸਾਥੀ ਜੀ ਸਰਮਾਏਦਾਰੀ ਦਾ ਕੋਈ ਧਰਮ ਹੁੰਦਾ ਹੈ ? ਕੀ ਸੱਤਾ ਦੀ ਪ੍ਰਾਪਤੀ ਜਾਂ ਸੱਤਾ ਦੀ ਤਬਦੀਲੀ ਧਰਮਾਂ ਉੱਤੇ ਅਧਾਰਤ ਹੁੰਦੀ ਹੈ ? ਧਰਮ ਤਾਂ ਉਹਨਾਂ ਲਈ ਇਕ ਹਥਿਆਰ ਹੈ।

ਸਾਥੀ ਇਥੇ ਟੇਢੇ ਢੰਗ ਨਾਲ ਇਹ ਸੋਚ ਪੇਸ਼ ਕਰਦਾ ਹੈ ਕਿ ਇਸ ਵੇਲੇ ਸੱਤਾ ਉਤੇ ਕਾਬਜ਼ ਹਿੰਦੂ ਹਨ ਤੇ ਉਹ ਗੈਰ ਹਿੰਦੂਆਂ ਨੂੰ ਲੁੱਟ ਰਹੇ ਹਨ। ਵਾਰੇ ਵਾਰੇ ਜਾਈਏ ਸਾਥੀ ਦੀ ਇਸ ਅਤਿ ਫਿਰਕੂ ਸੋਚ ਦੇ।

ਇਥੇ ਹੀ ਬੱਸ ਨਹੀਂ ਸਾਥੀ ਲੋਕਾਂ ਨੂੰ ਭੇਡਾਂ, ਬੱਕਰੀਆਂ, ਕੁੱਤਿਆਂ, ਬਿੱਲਿਆਂ ਵਾਂਗਰ ਹੀ ਸਮਝਦਾ ਹੈ। ਉਸ ਨੂੰ ਬੇਹੱਦ ਨਿਰਾਸ਼ਾ ਹੈ ਕਿ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ ਪਰ ਇਹ ਜਾਨਵਰਾਂ ਵਰਗੇ ਲੋਕ ਮਗਰ ਨਹੀਂ ਤੁਰੇ। ਕੀ ਸਾਥੀ ਜੀ ਕੁਰਬਾਨੀਆਂ ਦੇਣ ਵਾਲੇ ਲੋਕ ਨਹੀਂ ਸਨ ? ਉਹਨਾਂ ਨੂੰ ਤੁਸੀਂ ਲੋਕ ਨਹੀਂ ਸਮਝਦੇ ਤਾਂ ਕੀ ਸਮਝਦੇ ਹੋ ? ਤੇ ਕੀ ਹੁਣ ਇਨਕਲਾਬੀ ਵਿਚਾਰਧਾਰਾ ਹੇਠ ਲਾਮਬੰਦ ਹੋ ਕੇ ਜੂਝ ਰਹੇ ਕਿਸਾਨ, ਮਜ਼ਦੂਰ, ਬੁਧੀਜੀਵੀ ਆਦਿ ਸਭ ਲੋਕ ਨਹੀਂ ਹਨ ? ਕਿੰਨੀ ਗ਼ਲਤ ਸਮਝ ਹੈ ਲੋਕਾਂ ਬਾਰੇ ਲੇਖਕ ਦੀ।

ਸਾਥੀ ਨੂੰ ਮੈਂ ਇਹ ਰਾਇ ਦਿਆਂਗਾ ਕਿ ਉਹ ਸ਼ਹੀਦੀ ਜਾਂ ਕੁਰਬਾਨੀ ਦੇ ਸ਼ਬਦਾਂ ਦਾ 'ਪੋਸਟ ਮਾਰਟਮ' ਕਰਨ ਤੋਂ ਪਹਿਲਾਂ ਸ਼ਹੀਦਾਂ ਦੇ ਮੰਕਸਦ, ਉਹਨਾਂ ਦੇ ਜੀਵਨ ਅਤੇ ਸਮਾਜ ਨੂੰ ਦੇਣ ਸਭ ਕੁਝ ਬਾਰੇ ਜਾਣਕਾਰੀ ਪ੍ਰਾਪਤ ਕਰਿਆ ਕਰਨ ਪ ਇਸ ਵਿਸ਼ਾਲ ਜਾਣਕਾਰੀ ਤੋਂ ਬਿਨਾਂ ਕੁਰਬਾਨੀ ਦੇ ਅਰਥ ਕੱਢਣੇ ਅਨਰਥ ਕਰਨ ਵਾਲੀ ਗੱਲ ਹੈ।

ਬਲਦੇਵ 'ਮੋਹਲਾਂ'
ਡਾਕਖਾਨਾ ਢਿੱਪਾਂਵਾਲੀ, ਜ਼ਿਲਾ ਫੀਰੋਜ਼ਪੁਰ

## ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰੋਗਰਾਮ

2 ਅਕਤੂਬਰ ਦਸੂਹਾ : ਸ਼ਹੀਦ ਰੰਧਾਵਾ ਯਾਦਗਾਰ ਕਮੇਟੀ ਦੇ ਸਹਿਯੋਗ ਨਾਲ ਦੁਪਹਿਰ ਚਾਰ ਵਜੇ ਤੋਂ 7 ਵਜੇ ਸ਼ਾਮ ਤੱਕ ਸ਼ਰਧਾਂਜਲੀ, ਗੀਤ ਅਤੇ ਕਵਿਤਾ ਸਮਾਗਮ—ਰਾਤ 8.00 ਵਜੇ ਤੋਂ ਇਕ ਵਜੇ ਤਕ ਨਾਟਕ ਸਮਾਗਮ।

5 ਅਕਤੂਬਰ : ਆਰੀਆ ਹਾਈ ਸਕੂਲ ਮੋਗਾ—ਮੋਗੇ ਦੇ ਵਿਦਿਆਰਥੀ ਸ਼ਹੀਦਾਂ ਨੂੰ ਸਮਰਪਿਤ ਸਮਾਗਮ। ਦੁਪਹਿਰ ਦੋ ਵਜੇ ਤੋਂ 7 ਵਜੇ ਤੱਕ ਸ਼ਰਧਾਂਜਲੀ ਸਮਾਗਮ ਜਿਸ ਵਿਚ ਵੱਖ ਵੱਖ ਵਿਦਿਆਰਥੀ ਜਥੇਬੰਦੀਆਂ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਪੇਸ਼ ਕੀਤੀਆਂ ਜਾਣਗੀਆਂ ਅਤੇ ਇਨਕਲਾਬੀ ਗੀਤਾਂ ਅਤੇ ਕਵਿਤਾਵਾਂ ਦਾ ਪ੍ਰੋਗਰਾਮ ਹੋਵੇਗਾ। ਰਾਤ 8.00 ਵਜੇ ਤੋਂ ਦੇਰ ਰਾਤ ਤੱਕ ਨਾਟਕਾਂ ਦਾ ਸਮਾਗਮ ਹੋਵੇਗਾ।

12 ਅਕਤੂਬਰ : ਅਮਰ ਜਿਓਤੀ ਸਕੂਲ (ਸਿਟੀ ਲਾਈਟ ਸਿਨਮਾ ਕੋਲ) ਅੰਮ੍ਰਿਤਸਰ : ਜਮਹੂਰੀ ਅਧਿਕਾਰਾਂ ਨੂੰ ਸਮਰਪਿਤ ਇਕ ਸਭਿਆਚਾਰਕ ਪ੍ਰੋਗਰਾਮ (ਇਹ ਪ੍ਰੋਗਰਾਮ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਾਲਾਨਾ ਸਮਾਗਮ ਦੇ ਮੌਕੇ ਤੇ ਕੀਤਾ ਜਾਵੇਗਾ ਜੋ ਇਸੇ ਸਕੂਲ ਵਿਚ ਅੰਮ੍ਰਿਤਸਰ 12-13 ਅਕਤੂਬਰ ਨੂੰ ਕੀਤੇ ਜਾਣੇ ਮਿਥਿਆ ਹੈ)।

17 ਨਵੰਬਰ ਦੇਸ਼ ਭਗਤ ਹਾਲ ਜਲੰਧਰ : 10 ਵਜੇ ਸਵੇਰ ਤੋਂ ਸ਼ਾਮ 5 ਵਜੇ ਤੱਕ ਪਲਸ ਮੰਚ ਦਾ ਸਾਲਾਨਾ ਸਾਹਿਤਕ ਪ੍ਰੋਗਰਾਮ ਹੋਵੇਗਾ। ਜਿਸ ਵਿਚ ਬਦੇਸ਼ੀ, ਹਿੰਦੀ ਅਤੇ ਪੰਜਾਬੀ ਇਨਕਲਾਬੀ ਕਵਿਤਾ ਦੀ ਰਚਨਾ ਪ੍ਰਕ੍ਰਿਆ ਉਤੇ ਇਕ ਸੈਮੀਨਾਰ ਹੋਵੇਗਾ। ਇਨਕਲਾਬੀ ਸਭਿਆਚਾਰ ਦਾ ਇਕ ਵਿਸ਼ੇਸ਼ ਪ੍ਰੋਗਰਾਮ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਪੇਸ਼ ਕੀਤਾ ਜਾਵੇਗਾ।

25 ਜਨਵਰੀ 1986 : ਦੇਸ਼ ਭਗਤ ਹਾਲ ਵਿਚ ਦੁਪਹਿਰ ਇਕ ਵਜੇ ਤੋਂ ਅਗਲੇ ਦਿਨ ਸਵੇਰੇ 5 ਵਜੇ ਤੱਕ **ਪਲਸ ਮੰਚ ਦਾ ਸਾਲਾਨਾ ਸਮਾਗਮ।** ਪ੍ਰਦੇਸਾਂ 'ਚ ਰਹਿ ਰਹੇ ਦੋਸਤਾਂ ਅੱਗੇ ਬੇਨਤੀ ਹੈ ਕਿ ਆਪਣੀ ਦੇਸ਼ ਫੇਰੀ ਇਹਨਾਂ ਤਰੀਖਾਂ ਅਨੁਸਾਰ ਵਿਉਂਤਣ ਤਾਂ ਜੋ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਇਨਕਲਾਬੀ ਅੰਸ਼ਾਂ ਦੀ ਉਹ ਝਲਕ ਦੇਖ ਸਕਣ।

**ਸਬਜਿੰਦਰ ਕੇਦਾਰ**
ਜ. ਸ. ਪਲਸ ਮੰਚ

**ਗੁਰਸ਼ਰਨ ਸਿੰਘ**
ਪ੍ਰਧਾਨ ਪਲਸ ਮੰਚ